# ਵਰਿਆਮ

ਅਗਸਤ ੧੯੯੮



ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ, ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥

Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S. 7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**
**&**
**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

# MODERN GUN WORKS

OPP. INDUSTRIAL ESTATE,
JAMMU CANTT.

*Manufacturers & Exporters of*

## AUTO ACCESSORIES

# G N D Auto Industries

Managing Partner's : **Pawittar Singh Namdhari**

## 77 Industrial Area-I, Chandigarh—160002

Tel 91-172-641294, 91-172 655939 Fax 91-172-656300 E Mail Uniq @ arbornet. org.

*Office at U.S.A. :*
421N. Brookhurst Street,
Suite No. 209, Anaheim –CA 92801
U.S.A.

*Mubai Office :*
502, Kakad, Market,
306, Kalbadevi Rd., Mumbai
Tel. 91-22-205-1833 Fax 91-22-375-2438

---

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

KOTA STONE, RED AGRA, MANDANA, MARBLE,
DHAULPUR & GWALIOR BUCH

PROP. S. DAYA SINGH BHUI

## WZ-2, Mansarover Garden, Ring Road,
## NEW DELHI—110015



Sri Satguru Jagjit Singh Ji eLibrary NamdhariElibrary@gmail.com

GOLD MEDAL WINNER (1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

## Namdhari Brothers

**DALTON GANJ**
**(Bihar)**

Prop. :
S. AJIT SINGH NAMDHARI

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

## TECHNO INDUSTRIES

ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill
Spares All Types of Graded Casting
& Machinery Parts

**E.D. 311, Old Railway Road,**
**JALANDHAR-144001.**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਗਸਤ ੧੯੯੮ ਜਿਲਦ—੨੩ ਅੰਕ—੧੦

ਤਤਕਰਾ


ਸੰਪਾਦਕੀ : ਸ਼ਹੀਦਾਂ ਦੇ ਕਫਨ

ਵੇਚਣ ਵਾਲੇ—ਜਗਦੀਸ਼ ਸਿੰਘ ੪

ਗੁਰ ਕੀ ਬਾਣੀ ਗੁਰ ਤੇ ਜਾਤੀ—ਜਗਦੀਸ਼ ਸਿੰਘ ੫

ਲੰਮੀਆਂ ਸੋਚਾਂ—ਵਰਿਆਮ ਸਿੰਘ ਸੰਧੂ ੧੩

ਦੋ ਗਜ਼ਲਾਂ—ਅਮਰਜੀਤ ਸਿੰਘ ਸੰਧੂ ੨੧

ਪਿਤਾਸ਼੍ਰੀ ਨੂੰ ਯਾਦ ਕਰਦਿਆਂ—ਸੀ. ਐਲ. ਲੱਕੀ ੨੨

ਬਦਲ ਚੁਕੀ ਜ਼ਿੰਦਗੀ (ਮਿੰਨੀ ਕਹਾਣੀ)—ਸਿੰਦਰ ਕੌਰ ੨੩

ਕੈਸੇ ਨੇ ਹਮਸਾਏ ਲੋਕ (ਕਵਿਤਾ)—ਨੀਲਮ ਸੰਜੀਵ ੨੪

ਹਾੜ੍ਹਾ ਵੇ ਧਰਮੀ ਬਾਬਲੋ (ਕਵਿਤਾ)—ਨੀਲਮ ਸੰਜੀਵ ੨੫

ਵੇ ਰਾਜਿਆ (ਕਵਿਤਾ)—ਮੁਲਕ ਰਾਜ ਕੌਮਲ ੨੫

ਸ਼ਰੀਫ ਤੇ ਚੋਰ (ਕਹਾਣੀ)—ਯਸ਼ਪਾਲ ੨੬

ਲਹਿੰਦੇ ਪੰਜਾਬ ਦੇ ਸ਼ਾਇਰਾਂ ਦੀਆਂ ਮਿੰਨੀ ਨਜ਼ਮਾਂ ੩੨

ਤਬਲੇ ਦਾ ਮਹੱਤਵ—ਹਰਭਜਨ ਸਿੰਘ ਧਾਰੀਵਾਲ ੩੪

'ਹੁਕਮ ਰਜਾਈ ਚਲਣਾ''—ਤਰਲੋਕ ਮਨਸੂਰ ੩੭

ਟਾਫੀ ਵਿਚ ਗਊ ਦੀਆਂ ਹੱਡੀਆਂ ਦਾ ਜਿਲੇਟਿਨ ੪੦

ਸਨਖਤਰਾ ਜੀ ਨੂੰ ਯਾਦ ਕਰਦਿਆਂ ੪੧

ਖ਼ਬਰਨਾਮਾ ੪੫

ਪ੍ਰਤੀਕਰਮ ੪੭


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੨-੭੭ ਐਡੀਟਰਜ਼, ਮਿਤੀ -੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ ।

## ਵਰਿਆਮ ਦੇ ਦਰ


| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧

Office Address :
Monthly WARIAM
(Punjabi)
Ladowali Road,
Opp. Central Town,
Jalandhar-144001

ਫੋਨ—ਦਫਤਰ : ੨੨੨੫੪੩ Ph. 222543 (O)
ਘਰ : ੫੬੨੮੯ 56289 (R)



ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SAGGU
IRON INDUSTRIES
ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR
Phone : 58795, 59056
Mobile Phone 98140604 9 Pager 96124089




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ

# ਸ਼ਹੀਦਾਂ ਦੇ ਕਫਨ ਵੇਚਣ ਵਾਲੇ

ਇਹ ਪੰਨਾ ਲਿਖਣ ਤੋਂ ਪਹਿਲਾਂ ਦੂਰਦਰਸ਼ਨ ਜਲੰਧਰ ਤੋਂ ਇਕ ਸਕਿਟ ਪੇਸ਼ ਹੋਈ। ਜਿਸ ਵਿਚ ਪੰਜਾਬ ਦਾ ਇਕ ਹਾਸਰਸ ਕਲਾਕਾਰ ਡਾਕੂ ਬਣਿਆ ਹੈ ਅਤੇ ਉਸ ਨਾਲ ਵਾਰਤਾਲਾਪ ਹੋ ਰਿਹਾ ਹੈ। ਪੁਛਿਆ ਗਿਆ—ਤੁਸੀਂ ਇਹ ਕਿਉਂ ਕਹਿੰਦੇ ਹੋ ਕਿ ਮੈਂ ਤਿੰਨ ਤਕ ਗਿਣਾਂਗਾ ਤੇ ਸਾਰੇ ਬਾਹਰ ਆ ਜਾਵੋ? ਡਾਕੂ ਦਾ ਜਵਾਬ ਹੈ—ਡਾਕੂਆਂ ਨੂੰ ਗਿਣਨਾ ਹੀ ਤਿੰਨ ਤਕ ਆਉਂਦਾ ਹੈ! ਪੁਛਿਆ ਜਾਂਦਾ ਹੈ—ਕੀ ਡਾਕੂ ਅਨਪੜ੍ਹ ਹੁੰਦੇ ਨੇ? ਡਾਕੂ ਸਾਹਿਬ ਦਾ ਜਵਾਬ ਹੈ—ਜੇ ਪੜ੍ਹੇ ਲਿਖੇ ਹੁੰਦੇ ਤਾਂ ਕੁਰਸੀਆਂ ਤੇ ਬਹਿ ਕੇ ਨਾ ਲੁੱਟਦੇ! ਪੁਛਿਆ ਗਿਆ—ਤੁਸਾਂ ਆਪਣੇ ਡਾਕੂ ਬਨਣ ਦੀ ਪ੍ਰੇਰਨਾ ਕਿਥੋਂ ਲਈ? ਅਖੇ—ਜੀ ਆਪਣੇ ਬਾਪ ਤੋਂ? ...ਕੀ ਉਹ ਬਹੁਤ ਵੱਡੇ ਡਾਕੂ ਸਨ? ...ਨਹੀਂ ਉਹ ਰੇਲਵੇ ਵਿਚ ਟੀ. ਟੀ, ਸਨ!!

ਸੋ, ਇਹ ਹੈ ਦੇਸ਼ ਦੀ ਤਸਵੀਰ। ਡਾਕੂਆਂ ਨੂੰ ਹਸਰਤ ਹੈ ਕਿ ਉਹ ਕਲਰਕ ਕਿਉਂ ਨਾ ਹੋਏ? ਲੋਕਾਂ ਨੂੰ ਲੁੱਟਣ ਵਾਸਤੇ ਪੇਸ਼ਾਵਰ ਡਾਕੂਆਂ ਦੀ ਲੋੜ ਨਹੀਂ। ਸ਼ਰੇਆਮ ਲੋਕ ਲੁਟੀਂਦੇ ਜਾ ਰਹੇ ਹਨ ਤੇ ਕੋਈ ਕੁਸਕੇਗਾ ਨਹੀਂ। ਪੈਟਰੋਲ, ਕਾਗਜ਼, ਬੱਸਾਂ ਰੇਲਾਂ ਦਾ ਸਫ਼ਰ ..ਗੱਲ ਕੀ ਹਰ ਚੀਜ ਭਾਵੇਂ ਮਹਿੰਗੀ ਹੋ ਜਾਵੇ। ਇਕ ਗਾਣਾ—ਬਾਕੀ ਜੋ ਬਚਾ ਥਾ ਮਹਿੰਗਾਈ ਮਾਰ ਗਈ—ਵੱਜਦਿਆਂ ਨੂੰ ਚੋਥਾਈ ਸਦੀ ਬੀਤ ਗਈ ਹੈ। ਰਿਸ਼ਵਤ ਬੇਈਮਾਨੀ ਹੁਣ ਲੁਕ ਕੇ ਕਰਨ ਵਾਲੀਆਂ ਗੱਲਾਂ ਨਹੀਂ। ਦਿਨ-ਦਿਹਾੜੇ ਮੇਜ਼ਾਂ ਤੇ ਰਕਮਾਂ ਦੇ ਬਟਵਾਰੇ ਹੁੰਦੇ ਹਨ। ਅਦਾਲਤਾਂ ਨੇ ਬੜੇ ਬੜੇ ਲੋਕਾਂ ਨੂੰ ਵੱਡੇ ਮਾਮਲਿਆਂ ਵਿਚ ਬਰੀ ਕਰ ਦਿਤਾ ਹੈ। ਸਬੂਤ ਦੀ ਘਾਟ ਵਜੋਂ। ਆਖਰ ਕੋਈ ਸਬੂਤ ਛੱਡੇਗਾ ਹੀ ਕਿਉਂ? ਵੱਡੇ ਲੋਕਾਂ ਦੀ ਹੇਰਾ-ਫੇਰੀ ਨੂੰ ਜਨਤਕ ਪ੍ਰਵਾਨਗੀ ਮਿਲ ਚੁਕੀ ਹੈ। ਉਹ ਪਾਰਲੀਮੈਂਟ ਅਤੇ ਅਸੰਬਲੀਆਂ ਦੇ ਮੈਂਬਰ ਬਣ ਸਕਦੇ ਹਨ। ਜਿਹੜੇ ਲੋਕ ਪਾਰਲੀਮੈਂਟ ਦੇ ਅੰਦਰ ਤੇ ਬਾਹਰ ਦੂਸਰੇ ਲੋਕਾਂ ਦੀ ਕੁਰਪਸ਼ਨ ਵਿਰੁਧ ਧੂੰਆਂਧਾਰ ਬੋਲਦੇ ਰਹੇ ਅੱਜ ਉਹਨਾਂ ਲੋਕਾਂ ਦੇ ਆਸਰੇ ਆਪਣੀਆਂ ਪਾਰਟੀਆਂ ਅਤੇ ਹਕੂਮਤਾਂ ਚਲਾ ਰਹੇ ਹਨ।

੧੫ ਅਗਸਤ ਨੂੰ ਆਜ਼ਾਦੀ ਦੀ ਇਕਵੰਜਵੀਂ ਵਰ੍ਹੇ ਗੰਢ ਹੈ। ਅਜੇ ਪਿਛਲੇ ਸਾਲ ਹੀ ਇਸ ਦਿਨ ਪਾਰਲੀਮੈਂਟ ਦੇ ਸਾਂਝੇ ਇਜਲਾਸ ਵਿਚ ਅੱਧੀ ਰਾਤ ਨੂੰ ਅੱਧੀ ਸ਼ਤਾਬਦੀ ਦੇ ਜਸ਼ਨ ਸ਼ੁਰੂ ਹੋਏ ਸਨ। ਜਸ਼ਨਾਂ ਦੇ ਧੂਮ ਧੜਕੇ ਵਿਚ ਹੀ ਪਾਰਲੀਮੈਂਟ ਟੁੱਟੀ, ਮੁੜ ਬਣੀ ਕੁਰਸੀ ਦੀ ਸ਼ਤਰੰਜ ਤੇ ਕਈ ਵਡੇ ਮੋਹਰੇ ਕੁਰਬਾਨ ਹੋ ਗਏ। ਇਸ ਵਾਰ ੧੫ ਅਗਸਤ ਨੂੰ ਮੁੜ ਭਾਰਤ ਦਾ ਪ੍ਰਧਾਨ ਮੰਤਰੀ ਲਾਲ ਕਿਲੇ ਤੋਂ ਬੋਲੇਗਾ। ਭਾਰਤ ਦੀ ਬਹੁਤ ਲਿਸ਼ਕਵੀਂ ਤਸਵੀਰ ਪੇਸ਼ ਕਰੇਗਾ ਤੇ ਬਸ।

ਅੱਜ ਆਪਣੀਆਂ ਸੀਟਾਂ ਰਾਖਵੀਆਂ ਕਰਨ ਵਾਸਤੇ ਭਾਰਤ ਦੇ ਕੁਲ ਸਿਆਸਤਦਾਨ ਉਲਝੇ ਹੋਏ ਹਨ।

ਕਿਸ ਨੂੰ ਯਾਦ ਹਨ ਉਹ ਬੰਦੇ ਜੋ ਇਸ ਵਤਨ ਦੀ ਆਜ਼ਾਦੀ ਵਾਸਤੇ ਕੁਰਬਾਨ ਹੋ ਗਏ। ਉਹਨਾਂ ਕਿਹੜਿਆਂ ਲੋਕਾਂ ਵਾਸਤੇ ਸ਼ਹੀਦੀਆਂ ਪਾਈਆਂ। ਉਹ ਕਾਹਦੇ ਵਾਸਤੇ ਜੇਲਾਂ 'ਚ ਸੜ ਗਏ, ਤੋਪਾਂ ਅਗੇ ਉਡ ਗਏ। ਉਹਨਾਂ ਦੇ ਬੱਚਿਆਂ ਦਾ ਕੀ ਹਾਲ ਹੋਇਆ ਕਿਸੇ ਨੂੰ ਯਾਦ ਹੈ?

ਸ਼ਾਇਰ ਸੁਰਜੀਤ ਖੁਰਸ਼ੀਦੀ ਦੀਆਂ ਤੁਕਾਂ ਯਾਦ ਆਉਂਦੀਆਂ ਹਨ:

ਆਪਣੇ ਸ਼ਹੀਦਾਂ ਦੇ ਕਫਨ
ਤਕ ਵੇਚ ਖਾਵਣ ਜੋ
ਵਤਨ ਦੀ ਆਬਰੂ ਵੇਚਣ ਤੋਂ
ਓਹ ਸ਼ਰਮਾ ਨਹੀਂ ਸਕਦੇ

ਇਹ ਕੈਸੀ ਮਹਿਫਲ ਹੈ
ਇਹ ਸਾਕੀ ਦੇ ਚਲਨ ਕੈਸੇ
ਕਿ ਸਾਕੀ ਆਪ ਪੀਂਦੇ ਹਨ
ਕਿਸੇ ਨੂੰ ਪਿਆ ਨਹੀਂ ਸਕਦੇ

ਉਠ 'ਸੁਰਜੀਤ' ਤੂੰ ਪਤਵਾਰ
ਖੋਹ ਲੈ ਆਪ ਮਾਂਝੀ ਤੋਂ
ਕਿ ਪੱਤਨ ਤੇ ਤੇਰੀ ਬੇੜੀ
ਇਹ ਮਾਂਝੀ ਲਾ ਨਹੀਂ ਸਕਦੇ।

ਅਜੇ ਮਾਂਝੀ ਤੋਂ ਪਤਵਾਰ ਖੋਹ ਕੇ ਆਪ ਬੇੜੀ ਪਤਨ ਤੇ ਲਾਉਣ ਵਾਲਿਆਂ ਨੂੰ ਸਮਝ ਨਹੀਂ ਕਿ ਓਹਨਾਂ ਨਾਲ ਕੀ ਹੋ ਰਿਹਾ ਹੈ। ਸ਼ਾਇਦ ਅੱਧੀ ਸਦੀ ਹੋਰ ਲਗ ਜਾਵੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਗੁਰ ਕੀ ਬਾਣੀ ਗੁਰ ਤੇ ਜਾਤੀ

**—ਜਗਦੀਸ਼ ਸਿੰਘ**

ਕੋਈ ਵੀ ਵਿਅਕਤੀ ਜਦ ਆਪਣੇ ਵਿਚਾਰਾਂ ਜਾਂ ਅਨੁਭਵਾਂ ਨੂੰ ਵਿਅਕਤ ਕਰਦਾ ਹੈ ਤਾਂ ਉਹ ਸ਼ਬਦਾਂ ਦਾ ਸਹਾਰਾ ਲੈਂਦਾ ਹੈ । ਵਿਚਾਰ ਜਦ ਸ਼ਬਦਾਂ ਦਾ ਜਾਮਾ ਪਹਿਨ ਲੈਂਦੇ ਹਨ ਤਾਂ ਇਹ ਵਾਕ, ਵਾਣੀ ਜਾਂ ਬਾਣੀ ਕਹਾਉਂਦੇ ਹਨ । ਬੋਲੇ ਗਏ ਸਾਰੇ ਸ਼ਬਦ ਬਾਣੀ ਹੀ ਹਨ । ਸਾਡੇ ਗੁਰੂ ਪੁਰਖਿਆਂ ਨੇ ਅਗੋਂ ਵਰਗੀਕਰਨ ਕਰਦਿਆਂ ਆਮ ਲੋਕਾਂ ਦੀ ਬਾਣੀ ਨੂੰ ਕੱਚੀ ਬਾਣੀ ਆਖਿਆ ਹੈ ਅਤੇ ਸਤਿਗੁਰਾਂ ਦੀ ਉਚਾਰੀ ਬਾਣੀ ਨੂੰ ਗੁਰਬਾਣੀ, ਧੁਰ ਕੀ ਬਾਣੀ ਸੱਚੀ ਬਾਣੀ ਅਤੇ ਅਮ੍ਰਿਤ ਬਾਣੀ ਆਦਿਕ ਸ਼ਬਦਾਂ ਨਾਲ ਸਲਾਹਿਆ ਹੈ ।

ਗੁਰਬਾਣੀ, ਸਤਿਗੁਰੂ, ਗੁਰਦੁਆਰਾ ਜਾਂ ਸਾਧ ਸੰਗਤ ਜਿਹੇ ਸ਼ਬਦ ਕੇਵਲ ਪਿਛਲੇ ਪੰਜ ਸੌ ਸਾਲਾਂ ਦੇ ਇਤਿਹਾਸ ਵਾਸਤੇ ਹੀ ਨਹੀਂ ਵਰਤੇ ਗਏ ਸਗੋਂ ਆਦਿ ਕਾਲ ਦੇ ਪਰਸੰਗਾਂ ਵਿਚ ਵੀ ਵਰਤੇ ਗਏ ਹਨ । ਭਾਵ ਗੁਰੂ, ਗੁਰਬਾਣੀ ਅਤੇ ਗੁਰਦੁਆਰਾ ਉਦੋਂ ਵੀ ਸਨ । ਭਾਈ ਗੁਰਦਾਸ ਜੀ ਦੀ ਬਾਣੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ—

ਸੁਖ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ ।
ਸਾਧ ਸੰਗਤ ਮਿਲਿ ਗਾਵਦੇ ਰਾਤੀ ਜਾਇ ਸੁਣਿ ਗੁਰਬਾਣੀ ॥

——

ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ ॥
ਪੂਰਾ ਸਤਿਗੁਰੁ ਭੇਟਿਆ ਮਨ ਵਿਚ ਹੋਆ ਖਿੰਜੋਤਾੜਾ ॥

——

ਪਤਿਤ ਅਜਾਮਲ ਪਾਪ ਕਰ ਜਾਇ ਕਲਾਵਤਣੀ ਦੇ ਰਹਿਆ ॥
ਗੁਰ ਤੇ ਬੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ ॥
ਬਿਰਥਾ ਜਨਮ ਗਵਾਇਨੁ ਭਵਜਲ ਅੰਦਰ ਫਿਰਦਾ ਵਹਿਆ ॥
ਛੇ ਪੁਤ ਜਾਏ ਵੇਸੁਆ ਪਾਪਾਂ ਦੇ ਫਲ ਇੱਛੇ ਲਹਿਆ ॥
ਪੁਤ੍ਰ ਉਪੰਨਾ ਸਤਵਾਂ ਨਾਉਂ ਧਰਣ ਨੋਂ ਚਿੱਤ ਉਮਹਿਆ ॥
ਗੁਰੂ ਦੁਆਰੇ ਜਾਇਕੈ ਗੁਰਮੁਖਿ ਨਾਉਂ ਨਰਾਇਣੁ ਕਹਿਆ ॥

ਸੁੰਨ ਸਮਾਧੀ ਦੇ ਬੇਅੰਤ ਕਾਲ ਬਾਦ ਜਦ ਈਸ਼ਵਰ ਸਰਗੁਣ ਸਰੂਪ ਵਿਚ ਪਰਗਟ ਹੋਇਆ ਤਾਂ ਉਹ ਸਤਿਗੁਰੂ ਦੇ ਰੂਪ ਵਿਚ ਹੀ ਦ੍ਰਿਸ਼ਟਮਾਨ ਹੋਇਆ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ—

ਸਤਿਗੁਰ ਵਿਚਿ ਆਪੁ ਰਖਿਓਨੁ
ਕਰਿ ਪਰਗਟੁ ਆਖਿ ਸੁਣਾਇਆ ॥

(ਆਸਾ ਦੀ ਵਾਰ)

ਭੱਟ ਕਵੀ 'ਕਲ' ਨੇ ਜ਼ਰਾ ਖੋਹਲ ਕੇ ਇਹ ਗੱਲ ਲਿਖ ਦਿਤੀ ਹੈ । ਉਸ ਨੇ ਲਿਖ ਦਿਤਾ ਹੈ ਕਿ ਸਾਰੇ ਜੁਗਾਂ ਵਿਚ ਹੀ ਸਤਿਗੁਰੂ ਸਾਹਿਬਾਨ ਹੁੰਦੇ ਆਏ ਹਨ ।

ਸਤਿਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਕਲਿਜੁਗ ਵਿਚ ਸਾਡੀ ਹੁਣ ਵਾਲੀ ਗੁਰੂ ਪਰੰਪਰਾ ਸਤਿਗੁਰੂ ਨਾਨਕ ਦੇਵ ਜੀ ਤੋਂ ਚਲਦੀ ਹੈ ਇਹ ਗੁਰੂ ਰਾਜ ਅਬਿਚਲੁ ਅਤੇ ਅਟਲ ਹੈ । ਸਥਿਰ ਹੈ ਸਦਾ ਹੀ ਚਲਦਾ ਰਹਿਣਾ ਹੈ ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਵਾਕ ਇਸ ਤੱਥ ਨੂੰ ਹੋਰ ਵੀ ਮਜ਼ਬੂਤੀ ਨਾਲ ਪਰਮਾਨਿਤ ਕਰਦਾ ਹੈ—

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ ॥ (ਪੰਨਾ ੭੯)

ਸ੍ਰਿਸ਼ਟੀ ਦੇ ਆਦਿ-ਕਾਲ ਤੋਂ ਹੀ ਗੁਰੂਆਂ ਦੇ ਆਗਮਨ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ 'ਬਚਿਤ੍ਰ ਨਾਟਕ' ਵਿਚ ਵੀ ਕੀਤਾ ਹੈ—

॥ ਚੌਪਈ ॥

ਪ੍ਰਿਥਮ ਕਾਲ ਜਬ ਕਰਾ ਪਸਾਰਾ ।
ਓਅੰਕਾਰ ਤੇ ਸ੍ਰਿਸਟਿ ਉਪਾਰਾ ।
ਕਾਲਸੈਣ ਪ੍ਰਥਮੈ ਭਇਓ ਭੂਪਾ ।
ਅਧਿਕ ਅਤੁਲ ਬਲਿ ਰੂਪ ਅਨੂਪਾ ।
ਕਾਲਕੇਤ ਦੂਸਰ ਭੂਅ ਭਇਓ ।
ਕ੍ਰੂਰਬਰਸ ਤੀਸਰ ਜਗਿ ਠਯੋ ।
ਕਾਲਧੁਜ ਚਤੁਰਥ ਨ੍ਰਿਪ ਸੋਹੈ ।
ਜਿਹ ਤੇ ਭਯੋ ਜਗਤ ਸਭ ਕੋ ਹੈ ।



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਪਰਮੇਸ਼ਰ ਨੇ ਆਪਣਾ ਪਸਾਰ ਕੀਤਾ ਤਾਂ ਓਅੰਕਾਰ ਈਸ਼ਵਰੀ ਸ਼ਕਤੀ ਤੋਂ ਦ੍ਰਿਸ਼ਟਮਾਨ ਸੰਸਾਰ ਪੈਦਾ ਕੀਤਾ। ਸਭ ਤੋਂ ਪਹਿਲਾਂ ਕਾਲਸੈਣ ਵਿਸ਼ਨੂੰ ਪੈਦਾ ਹੋਏ, ਦੂਸਰੇ ਕਾਲਕੇਤੁ ਬ੍ਰਹਮਾ ਅਤੇ ਕੂਰਬਰਸ, ਸ਼ਿਵਜੀ ਤੀਸਰੇ ਸਥਾਪਤ ਹੋਏ। ਚੌਥੇ ਨਰੇਸ਼ ਕਾਲਧੁਜ ਵੈਰਾਟ ਸਰੂਪ ਕਾਲਪੁਰਖ ਮਹਾਂ ਵਿਸ਼ਨੂੰ ਜਾਂ ਹਿਰਣਯ ਗਰਭ ਹੋਏ ਜਿਨ੍ਹਾਂ ਤੋਂ ਸਾਰਾ ਦਿਸਦਾ ਜਗਤ ਉਤਪੰਨ ਹੋਇਆ।

ਇਸ ਤਰ੍ਹਾਂ ਆਪ ਆਦਿ ਕਾਲ ਤੋਂ ਈਸ਼ਵਰੀ ਸ਼ਕਤੀ ਦੇ ਦੇਹਧਾਰੀ ਪ੍ਰਤੀਨਿਧਾਂ ਦਾ ਆਰੰਭ ਮੰਨਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੂਰਵਜਾਂ ਦਾ ਲੰਮਾ ਇਤਿਹਾਸ ਲਿਖ ਕੇ ਸੂਰਜ ਬੰਸ ਦੀ ਉਤਪਤੀ, ਰਾਮ ਅਵਤਾਰ, ਲਵਕੁਸ਼ ਅਤੇ ਅਗੋਂ ਉਹਨਾਂ ਦੇ ਵੰਸ਼ਜਾਂ ਦੀ ਲੰਮੀ ਸੂਚੀ ਦੇ ਕੇ ਉਸ ਸਿਲਸਿਲੇ ਵਿਚ ਬੇਦੀ ਅਤੇ ਸੋਢੀ ਕੁਲ ਵਿਚ ਗੁਰੂ ਨਾਨਕ ਦੇਵ ਜੀ ਅਤੇ ਅਪਣੇ ਪਰਗਟ ਹੋਣ ਦਾ ਪਰਸੰਗ ਦਰਜ ਕੀਤਾ ਹੈ। ਉਹਨਾਂ ਤਾਂ ਆਪਣੇ ਮਾਤਾ ਪਿਤਾ ਅਤੇ ਅਪਣੇ ਪੂਰਬਲੇ ਜਨਮਾਂ ਨੂੰ ਵੀ ਪਰਮਾਣਿਤ ਕੀਤਾ ਹੈ। ਦਸਮ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਚਲੀ ਗੁਰ ਪ੍ਰਣਾਲੀ ਦੇ ਸਿਲਸਲੇ ਨੂੰ ਦੀਪਕ ਤੋਂ ਦੀਪਕ ਜਗਣ ਦੀ ਪ੍ਰਕਿਰਿਆ ਕਹਿ ਕੇ ਇਸ ਨੂੰ ਅਨੰਤ ਕਾਲ ਤਕ ਜਗਦੇ ਰਹਿਣ ਦਾ ਸੰਕੇਤ ਦਿਤਾ ਹੈ ਕਿਉਂਕਿ ਦੀਪਕ ਤੋਂ ਦੀਪਕ ਜਗਣ ਦੀ ਕਾਲ ਸੀਮਾ ਨਹੀਂ ਹੁੰਦੀ। ਆਪ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ—

ਨਾਨਕ ਅੰਗਦਿ ਕੋ ਬਪੁ ਧਰਾ
ਧਰਮ ਪ੍ਰਚੁਰਿ ਇਹ ਜਗ ਮੋ ਕਰਾ।
ਅਮਰ ਦਾਸ ਪੁਨਿ ਨਾਮੁ ਕਹਾਯੋ
ਜਨੁ ਦੀਪਕ ਤੇ ਦੀਪ ਜਗਾਯੋ।

ਭਾਈ ਗੁਰਦਾਸ ਗੁਰਮਤਿ ਦੇ ਅਧਿਕਾਰਤ ਵਿਆ-ਖਿਆਕਾਰ ਹੋਏ ਹਨ। ਉਹਨਾਂ ਸਤਿਗੁਰਾਂ ਦੇ ਲੱਛਣਾਂ ਉਤੇ ਵਿਸਥਾਰ ਸਹਿਤ ਲਿਖਿਆ ਹੈ। ਚਹੁੰ ਜੁਗਾਂ ਵਿਚ ਹੀ ਸਤਿਗੁਰੂ ਅਤੇ ਉਹਨਾਂ ਦੇ ਨਾਮ ਦੀ ਮਹਿਮਾ ਲਿਖਦਿਆਂ ਉਹ ਬਾਣੀ ਉਚਾਰਦੇ ਹਨ—

ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ
ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ
ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ
ਕਲਿਜੁਗਿ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ
ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ
ਚਾਰੋ ਅਛਰ ਇਕੁ ਕਰ ਵਾਹਗੁਰ ਜਪ ਮੰਤ੍ਰ ਜਪਾਵੈ
ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ ॥ ੪੯ ॥ ੧ ॥

ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਦਰਜ ਸਮੁਚੀ ਬਾਣੀ ਸਤਿਗੁਰੂ ਦੀ ਮਹਿਮਾ ਨਾਲ ਭਰਪੂਰ ਹੈ। ਸਤਿਗੁਰੂ ਦੀ ਕ੍ਰਿਪਾ ਅਰਥਾਤ 'ਗੁਰਪ੍ਰਸਾਦਿ' ਬਾਣੀ ਦਾ ਮੁਖ ਧੁਰਾ ਹੈ। ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਬਹੁਤ ਵਿਸਥਾਰ ਵਿਚ ਗੁਰੂ ਦੇ ਪਾਵਨ ਲਛਣ, ਗੁਰੂ ਦੀ ਪ੍ਰੀਭਾਸ਼ਾ, ਗੁਰੂ ਦੇ ਕਰਤੱਵ ਅਤੇ ਮਨੁਖ ਨੂੰ ਗੁਰੂ ਦੀ ਲੋੜ ਤੇ ਭਰਪੂਰ ਚਾਨਣਾ ਪਾਇਆ ਹੈ।

ਈਸ਼ਵਰ ਦੀ ਲੱਖਤਾ ਕਰਾਉਣ ਵਾਲਾ, ਉਸ ਨੂੰ ਮਿਲਾਉਣ ਵਾਲਾ ਉਸ ਦਾ ਪ੍ਰਤੀਨਿਧ, ਉਸ ਦਾ ਸਰੂਪ ਸਤਿਗੁਰ ਹੀ ਹੈ। ਹਰੀ ਨੂੰ ਮਿਲਣ ਵਾਲਾ ਮਾਰਗ ਗੁਰੂ ਹੀ ਹੈ। ਗੁਰੂ ਅਗਿਆਨ ਦਾ ਹਨੇਰਾ ਦੂਰ ਕਰਨ ਵਾਲਾ ਦੀਪਕ ਹੈ, ਉਹ ਦਾਤਾਰ ਹੈ, ਤਪਦੇ ਹਿਰਦਿਆਂ ਵਿਚ ਠੰਢ ਵਰਤਾਉਣ ਵਾਲਾ ਹੈ। ਉਸ ਆਪ ਹੀ ਪੰਜੇ ਵਿਕਾਰ ਵਸ ਵਿਚ ਕੀਤੇ ਹੋਏ ਹਨ ਅਤੇ ਆਪਣੇ ਸਿਖਾਂ ਦੇ ਵੀ ਪੰਜੇ ਅਸਾਧ ਰੋਗ ਕਾਮ, ਕਰੋਧ, ਲੋਭ, ਮੋਹ, ਹੰਕਾਰ ਨਵਿਰਤ ਕਰਦਾ ਹੈ। ਉਹ ਪੂਰਾ ਵੈਦ ਹੈ, ਉਹ ਸੁਖਾਂ ਦਾ ਸਾਗਰ ਹੈ, ਨਿਰਵੈਰ ਹੈ। ਉਹ ਆਪਣੇ ਹੀ ਨਿੰਦਕਾਂ, ਦੋਖੀਆਂ ਅਤੇ ਬੇਮੁਖਾਂ ਨੂੰ ਵੀ ਤਾਰਦਾ ਹੈ। ਉਹ ਨੇਤਰਹੀਣਾਂ ਨੂੰ ਵੀ ਆਪ ਬਾਹੋਂ ਫੜਕੇ ਰਾਹ ਦਿਖਾਉਂਦਾ ਹੈ। ਉਹ ਆਪ ਮੁਕਤ ਹੈ ਅਤੇ ਸੰਸਾਰ ਨੂੰ ਮੁਕਤੀ ਦਵਾਉਂਦਾ ਹੈ। ਗੁਰੂ ਪਾਰਸ, ਬਾਵਨ ਚੰਦਨ ਪਾਰਿਜਾਤ, ਮਾਨਸਰੋਵਰ ਹੈ। ਗੁਰੂ ਐਸਾ ਤੀਰਥ ਹੈ ਜਿਸ ਦੀ ਸਰਣ ਵਿਚ ਅਠਾਹਠ ਤੀਰਥ ਹਨ। ਉਹ ਨਾਥਾਂ ਦਾ ਨਾਥ ਅਤੇ ਬੰਦੀ-ਛੋੜ ਹੈ ..। ਹੋਰ ਵੀ ਅਨਗਿਣਤ ਵਿਸ਼ੇਸ਼ਣ ਹਨ ਜੋ ਸੱਚੇ ਸਤਿਗੁਰੂ ਨਾਲ ਜੁੜਦੇ ਹਨ। ਇਨ੍ਹਾਂ ਨੂੰ ਲਿਖਦਿਆਂ ਭਾਵੇਂ ਸਾਰੀ ਧਰਤੀ ਹੀ ਭਰੀ ਜਾਵੇ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਪਰਉਪਕਾਰੀ ਗੁਰੂ ਨੇ ਮੈਨੂੰ ਨਾਮ ਦਿਤਾ ਹੈ। ਗੁਰੂ ਦਾ ਮਾਤਾ ਅਤੇ ਪਿਤਾ ਧੰਨ ਹਨ। ਜਿਸ ਸਤਿਗੁਰ ਆਪਣੇ ਨੂੰ ਮਿਲ ਕੇ ਮੈਨੂੰ ਨਾਮ ਦਾ ਪਤਾ ਲੱਗਾ ਹੈ, ਉਸ ਸਤਿਗੁਰੂ ਨੂੰ ਮੈਂ ਸਦਾ ਨਮਸਕਾਰ ਕਰਦਾ ਹਾਂ—



Sri Satguru Jagjit Singh Ji eLibrary NamdhariElibrary@gmail.com

ਹਰਿ ਨਾਮ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥
ਹੰਉ ਸਤਿਗੁਰ ਅਪੁਣੇ ਕੰਉ ਸਦ ਨਮਸਕਾਰੀ
ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥

(ਪੰਨਾ ੫੯੨)

ਇਹ ਸਤਿਗੁਰੂ ਦੀ ਸਿਫਤ ਹੈ ਕਿ ਉਹ ਆਪ ਵੀ ਨਾਮ ਜਪਦਾ ਹੈ ਅਤੇ ਸਿੱਖਾਂ ਨੂੰ ਵੀ ਨਾਮ ਦਿੰਦਾ ਹੈ।

ਉਹ ਮਾਤਾ ਪਿਤਾ ਵੰਸ਼ ਕੁਲ ਵਾਲਾ ਵੀ ਹੁੰਦਾ ਹੈ।

ਇਕ ਹੋਰ ਵਿਸ਼ੇਸ਼ ਸਿਫ਼ਤ ਉਸ ਵਿਚ ਹੈ ਕਿ ਉਹ ਅੰਮ੍ਰਿਤ ਦਾ ਭੰਡਾਰੀ ਹੈ।

ਜਦੋਂ ਤੋਂ ਇਤਿਹਾਸ ਦਾ ਗਿਆਨ ਹੈ ਜਾਂ ਗਿਆਨ ਦਾ ਇਤਿਹਾਸ ਹੈ—ਦੇਵਤੇ, ਮਨੁੱਖ, ਰਿਖੀਸ਼ਰ, ਮੁਨੀਜਨ ਅੰਮ੍ਰਿਤ ਨੂੰ ਖੋਜਦੇ ਆ ਰਹੇ ਹਨ। ਇਹ ਅੰਮ੍ਰਿਤ ਸਤਿਗੁਰੂ ਦੇ ਕੋਲ ਹੈ। ਈਸ਼ਵਰ ਦਾ ਨਾਮ ਸਤਿਗੁਰੂ ਵਿਚ ਸਬਾਪਤ ਹੈ। ਸਤਿਗੁਰੂ ਨਾਮ ਨਾਲ ਲਬਾਲਬ ਹੈ। ਇਹ ਨਾਮ ਹੀ ਅੰਮ੍ਰਿਤ ਹੈ। ਸਤਿਗੁਰੂ ਨਾਮ ਅੰਮ੍ਰਿਤ ਦੀ ਦਾਤ ਵੰਡਦਾ ਹੈ। ਸਤਿਗੁਰੂ ਦੇ ਬਚਨ ਅਥਵਾ ਬਾਣੀ ਵਿਚ ਅੰਮ੍ਰਿਤ ਹੈ। ਸਤਿਗੁਰੂ ਦੀ ਨਜ਼ਰ ਵਿਚ ਅੰਮ੍ਰਿਤ ਹੈ।

ਸਤਿਗੁਰੂ ਦੀ ਕਥਾ, ਸਤਿਗੁਰੂ ਦੇ ਦਰਸ਼ਨ ਅਤੇ ਭਾਣੇ ਵਿਚ ਵੀ ਅੰਮ੍ਰਿਤ ਹੈ। ਗੁਰੂ ਅਮਰਦਾਸ ਜੀ ਨੇ ਆਪਣੇ ਗੂਹੜ ਤਜਰਬੇ ਦੇ ਬਿਨਾ ਤੇ ਇਹ ਗੱਲ ਲਿਖੀ ਹੈ—

ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭ ਦੁਖ ਗਵਾਏ ॥ ਅੰਮ੍ਰਿਤ ਬਾਣੀ ਸਦਾ ਸਲਾਹੇ, ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥ ਹਉ ਵਾਰੀ ਜੀਉ ਵਾਰੀ, ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ ਅੰਮ੍ਰਿਤ ਬਾਣੀ ਮੰਨਿ ਵਸਾਏ, ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥ ਅੰਮ੍ਰਿਤ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤ ਵੇਖੈ ਪਰਖੈ ਸਦਾ ਨੈਣੀ ॥ ਅੰਮ੍ਰਿਤ ਕਥਾ ਕਹੈ ਸਦਾ ਦਿਨ ਰਾਤੀ, ਅਵਰਾ ਆਖਿ ਸੁਨਾਵਣਿਆ ॥੨॥ ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰਪ੍ਰਸਾਦੀ ਪਾਏ ॥ ਅੰਮ੍ਰਿਤ ਰਸਨਾ ਬੋਲੈ ਦਿਨੁ ਰਾਤੀ, ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥ ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨਾ ਸਕੈ ਕੋਈ ॥ ਹੁਕਮੇ ਵਰਤੈ ਅੰਮ੍ਰਿਤ ਬਾਣੀ, ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥ ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥ ਅੰਮ੍ਰਿਤ ਬਾਣੀ ਸਿਉ ਚਿਤੁ ਲਾਏ, ਅੰਮ੍ਰਿਤ ਸਬਦ ਵਜਾਵਣਿਆ ॥ ੫ ॥ ਖੋਟੇ ਖਰੇ ਤੁਧ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥ ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥ ੬ ॥ ਕਿਉਕਰਿ ਵੇਖਾ ਕਿਉ ਸਾਲਾਹੀ ॥ ਗੁਰ ਪਰਸਾਦੀ ਸਬਦਿ ਸਲਾਹੀ ॥ ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੇ ਅੰਮ੍ਰਿਤੁ ਪੀਆਵਣਿਆ ॥ ੭ ॥ ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ । ਸਤਿਗੁਰਿ ਸੇਵਿਐ ਰਿਦੈ ਸਮਾਣੀ ॥ ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ, ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥ ੮ ॥

(ਮਾਝ ਮਹਲਾ , ਪੰਨਾ ੧੧੮-੧੧੯)

ਸਤਿਗੁਰੂ ਤਾਂ ਅੰਮ੍ਰਿਤ ਬਾਣੀ ਵਰਤਾਉਂਦਾ ਹੈ। ਗੁਰੂ ਦੁਆਰਾ ਹੀ ਇਹ ਉਪਜਦੀ ਹੈ ਗੁਰੂ ਦੁਆਰਾ ਹੀ ਇਹ ਜਾਣੀ ਜਾਂਦੀ ਹੈ।

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ
ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥

(ਸੂਹੀ ਲਲਿਤ ਮ: ੩)

......

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ॥
ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥

(ਪ੍ਰਭਾਤੀ ਮ. ੩, ਪੰਨਾ ੧੩੪੬)

ਸਤਿਗੁਰੂ ਜੀ ਦੁਆਰਾ ਉਚਾਰੀ ਬਾਣੀ ਗੁਰੂ ਭਾਵ ਵਡੀ ਬਾਣੀ ਹੈ। ਸਭ ਬਾਣੀਆਂ ਚੋਂ ਸਰਵੋਤਮ ਹੈ। ਇਸ ਵਿਚ ਸਾਰੇ ਅੰਮ੍ਰਿਤ ਹਨ।

ਗੁਰੂ ਕੀ ਬਾਣੀ ਰਾਹੀਂ ਗੁਰੂ ਜੀ ਦੇ ਅੰਮ੍ਰਿਤ ਭਰੇ ਵਿਚਾਰ ਜੀਵਾਂ ਦੇ ਮਨਾਂ ਤਕ ਪਹੁੰਚਦੇ ਹਨ ਅਤੇ ਇਹ ਹੀ ਬਾਣੀ ਸਾਨੂੰ ਗੁਰੂ ਤਕ ਪਹੁੰਚਾਣ ਦੇ ਸਮਰਥ ਹੈ। ਇਹ ਗੁਰਗਮ ਹੈ। ਇਹ ਮਾਧਿਅਮ ਹੈ। ਜੇ ਖਿਨ ਭਰ ਇਸ ਨੂੰ ਉਚਾਰੀਏ ਤਾਂ ਇਸ ਦਾ ਫਲ ਗੁਰਗਮ ਹੈ। ਜੇ ਹਰ ਦਮ ਇਸ ਵਿਚ ਰਹੀਏ ਤਾਂ ਜਮ ਨੇੜੇ ਨਹੀਂ ਢੁਕਦਾ ਅਤੇ ਹਰੀ ਕੰਠ ਦੁਆਲੇ ਹਾਰ ਵਾਂਗ ਸਾਡੇ ਕੋਲ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦਾ ਕਥਨ ਹੈ—

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ
ਹਰਿ ਕੰਠ ਨਾਨਕ ਉਰਿ ਹਾਰੀ ਰੇ ॥

ਆਦਿ ਕਾਲ ਵੇਲੇ ਜਦੋਂ ਅਜੇ ਲਿਖਤ ਵਾਲੇ ਸ਼ਬਦਾਂ


Sri Satguru Jagjit Singh Ji eLibrary NamdhariElibrary@gmail.com

ਦਾ ਅਵਿਸ਼ਕਾਰ ਨਹੀਂ ਸੀ ਹੋਇਆ ਤਾਂ ਬਾਣੀ ਸਿਧੀ ਹਿਰਦੇ ਵਿਚ ਹੀ ਸਾਂਭੀ ਜਾਂਦੀ ਸੀ। ਇਸ ਨੂੰ ਚਿਰ ਸਥਾਈ ਬਨਾਉਣ ਵਾਸਤੇ ਛੰਦਾ ਬੰਦੀ ਜਾਂ ਕਵਿਤਾ ਦਾ ਮਾਧਿਅਮ ਵਰਤਿਆ ਗਿਆ। ਇਸ ਨੂੰ ਵਿਦਵਾਨ ਲੋਗ ਰੋਜ਼ ਪੜ੍ਹ ਕੇ ਯਾਦ ਕਰਦੇ ਰਹੇ। ਜਿਹੜੇ ਲੋਕ ਇਸ ਈਸ਼ਵਰੀ ਬਾਣੀ ਦੇ ਪੰਡਿਤ ਹੋ ਗਏ, ਉਹ ਪੂਜੇ ਜਾਣ ਲਗੇ। ਫੇਰ ਜਦੋਂ ਸ਼ਬਦਾਂ ਨੂੰ ਲਿਪੀ ਬੰਦ ਕੀਤਾ ਜਾਣ ਲਗਾ, ਲਿਖਿਆ ਜਾਣ ਲਗਾ ਤਾ ਉਹ ਸਿਆਹੀ ਅਤੇ ਕਾਗਜ਼ ਧੰਨ ਹੋ ਗਏ। ਸਮੇਂ ਦੇ ਸਤਿਗੁਰੂ ਨੇ ਬਾਣੀ ਦੇ ਸੰਚਾਰ ਵਾਸਤੇ ਆਪਣੇ ਵਕਤ ਦੇ ਸਾਧਨ ਵਰਤੇ। ਬਾਣੀ ਨੂੰ ਕਵਿਤਾ ਵਿਚ ਉਚਾਰਣ, ਲਿਖਤ ਵਿਚ ਲਿਆਉਣ ਤੋਂ ਬਾਦ ਇਸ ਨੂੰ ਗਾਇਣ ਅਤੇ ਸੰਗੀਤ ਦੁਆਰਾ ਸੰਚਾਰਿਤ ਕੀਤਾ। ਸਾਡੇ ਸਤਿਗੁਰੂ ਸਾਹਿਬਾਨ ਨੇ ਇਸ ਧੁਰ ਕੀ ਬਾਣੀ ਨੂੰ ਆਪਣੇ ਗਲੇ ਦੁਆਰਾ ਗਾਇਆ ਅਤੇ ਕਲਾਕਾਰ ਰਾਗੀਆਂ ਪਾਸੋਂ ਗਵਾਇਆ। ਉਹ ਰਾਗ, ਉਹ ਰਾਗੀ, ਉਹ ਸਾਜ਼ ਅਤੇ ਸਾਜ਼ੀ ਵੀ ਧੰਨ ਹੋ ਗਏ। ਅਜੇ ਤਕ ਭਾਈ ਮਰਦਾਨੇ ਦੀ ਰਬਾਬ ਲੋਕ ਮਨਾਂ ਵਿਚ ਪਾਵਨ ਸਥਾਨ ਰਖਦੀ ਹੈ।

ਜਦ ਗੁਰੂ ਜੀ ਨੇ ਗੁਰਬਾਣੀ ਨੂੰ ਲਿਖਿਆ ਲਿਖਾਇਆ ਤਾਂ ਉਸ ਲਿਖਤ ਦੀ ਲਿਪੀ ਗੁਰਮੁਖੀ ਹੋ ਗਈ। ਉਹ ਸਾਧਾਰਨ ਕਾਗਜ਼, ਕਲਮ, ਦਵਾਤ, ਸਿਆਹੀ ਅਤੇ ਲਿਖਾਰੀ ਸਭ ਪੂਜਨੀਕ ਅਤੇ ਧੰਨ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਆਪ ਹੀ ਕਿਹਾ ਹੈ—

ਧੰਨੁ ਸੁ ਕਾਗਦੁ ਕਲਮ ਧੰਨੁ
ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ
ਜਿਨਿ ਨਾਮੁ ਲਿਖਾਇਆ ਸਚੁ ॥
(ਪੰਨਾ ੧੨੯੧)

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਹਾਨ ਉਪਕਾਰ ਕੀਤਾ। ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਸੰਤਾਂ ਫਕੀਰਾਂ ਦੀ ਬਾਣੀ ਦਾ ਸੰਗ੍ਰਹਿ ਅਤੇ ਸੰਪਾਦਨ ਕਰਕੇ ਸ੍ਰੀ ਆਦਿ ਗਰੰਥ ਸਾਹਿਬ ਦੀ ਬੀੜ ਤਿਆਰ ਕਰਵਾਈ। ਰਾਗਾਂ ਦੇ ਸਿਰਲੇਖ, ਵਾਰਾਂ ਦੇ ਸਿਰਲੇਖ ਇਸੇ ਕਰਕੇ ਹੀ ਲਿਖੇ ਗਏ ਤਾਂ ਕਿ ਗੁਰੂ ਜੀ ਦੀ ਬਾਣੀ ਵਧ ਤੋਂ ਵਧ ਲੋਕਾਂ ਤਕ ਪਹੁੰਚੇ। ਇਹ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਮਹਾਨ ਕਾਰਜ ਸੀ ਜੋ ਉਹਨਾਂ ਨੇ ਗੁਰੂ ਦੀ ਹਸਤੀ, ਗੁਰੂ ਦੀ ਮਾਨਤਾ ਅਤੇ ਗੁਰੂ ਦੀ ਕਿਰਪਾ ਗੁਰੂ ਪ੍ਰਸਾਦਿ ਦੇ ਸਿਧਾਂਤ ਨੂੰ ਸਥਾਪਤ ਕਰਨ ਵਾਲਾ ਚਹੁੰ ਜੁਗਾਂ ਵਿਚੋਂ ਸਭ ਤੋਂ ਵੱਡਾ ਗਰੰਥ ਤਿਆਰ ਕੀਤਾ। ਗੁਰੂ ਸਾਹਿਬ ਨੇ ਜੋ ਅਧਿਆਤਮਕ ਸੰਗਠਨ ਕਾਇਮ ਕੀਤਾ ਉਸ ਦਾ ਸਭ ਕੁਝ ਗੁਰੂ ਹੀ ਸੀ। ਸਿਖ ਜਗਤ ਵਿਚ 'ਗੁਰੂ' ਸ਼ਬਦ ਹਰ ਥਾਂ ਵਿਆਪਕ ਹੈ।

ਗੁਰਬਾਣੀ—ਗੁਰੂ ਕੀ ਬਾਣੀ, ਗੁਰੂ ਗਰੰਥ—ਗੁਰੂ ਦਾ ਗਰੰਥ, ਗੁਰੂਦੁਆਰਾ—ਗੁਰੂ ਦਾ ਦਰ, ਗੁਰੂ ਪੰਥ—ਗੁਰੂ ਦਾ ਰਸਤਾ, ਗੁਰ ਇਤਿਹਾਸ—ਗੁਰੂ ਜੀ ਦਾ ਇਤਿਹਾਸ, ਗੁਰੂ ਨਗਰੀ—ਗੁਰੂ ਦਾ ਨਗਰ ਆਦਿ ਆਦਿ ਅਨੇਕਾਂ ਨਾਮ ਹਨ, ਜੋ 'ਗੁਰੂ' ਦੀ ਪ੍ਰਮੁਖਤਾ ਦੱਸਦੇ ਹਨ।

ਗੁਰੂ ਦੀ ਆਜ਼ਾਦ ਹਸਤੀ ਦਾ ਹੀ ਇਹ ਕ੍ਰਿਸ਼ਮਾ ਹੈ ਕਿ ਗੁਰੂ ਵਲ ਮੁਖ ਹੋਣ ਕਾਰਨ ਇਕ ਦਿਬਯ-ਸ਼ਕਤੀ ਵਾਲਾ ਮਜ਼ਬੂਤ ਸੰਗਠਨ ਬਣ ਗਿਆ। ਇਤਿਹਾਸ ਨੇ ਕਈ ਵਾਰ ਸਾਬਤ ਕੀਤਾ ਕਿ ਗੁਰੂ ਸੁਤੰਤਰ ਅਤੇ ਸਰਵੋਚ ਹਸਤੀ ਹੈ। ਜਦੋਂ ਕੁਝ ਲੋਕਾਂ ਨੇ ਗੁਰੂ ਨੂੰ ਛੱਡ ਕੇ ਗੁਰਬਾਣੀ ਦੀ ਬੀੜ ਨੂੰ ਹੀ ਗੁਰਿਆਈ ਦੀ ਸਨਦ ਸਮਝ ਲਿਆ ਤਾਂ ਉਸ ਵੇਲੇ ਗੁਰੂ ਦੀ ਹਸਤੀ ਨੇ ਆਪਣਾ ਜਲੌਅ ਪ੍ਰਗਟ ਕੀਤਾ। ਇਤਿਹਾਸ ਦੱਸਦਾ ਹੈ, 'ਆਦਿ ਬੀੜ' ਨੂੰ ਧੀਰਮਲ ਹੋਰਾਂ ਆਪਣੇ ਕਬਜ਼ੇ ਵਿਚ ਕਰ ਲਿਆ ਸੀ। ਜਦੋਂ ਮੱਖਣ ਸ਼ਾਹ ਲੁਬਾਣਾ ਦੀ ਕਿਆਦਤ ਵਿਚ ਸਿੱਖਾਂ ਨੇ ਗੁਰੂ ਜੀ ਦਾ ਸਾਰਾ ਸਾਮਾਨ ਬਾਬਾ ਧੀਰਮਲ ਤੋਂ ਖੋਹ ਲਿਆ ਤਾਂ ਨਾਲ ਬੀੜ ਵੀ ਲੈ ਆਂਦੀ। ਗੁਰੂ ਤੇਗ ਬਹਾਦਰ ਜੀ ਨੇ ਸਮੇਤ ਬੀੜ ਸਾਰਾ ਸਾਮਾਨ ਵਾਪਸ ਦੇ ਆਉਣ ਲਈ ਕਿਹਾ। ਜਦ ਗੁਰੂ ਜੀ ਬਾਬਾ ਬਕਾਲਾ ਤੋਂ ਕੀਰਤਪੁਰ ਨੂੰ ਜਾ ਰਹੇ ਸਨ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਉਹਨਾਂ ਦੇ ਕਹਿਣ ਦੇ ਬਾਵਜੂਦ ਵੀ ਸਿੱਖਾਂ ਨੇ ਬੀੜ ਨਾਲ ਲੈ ਆਂਦੀ ਹੈ, ਤਾਂ ਉਹਨਾਂ ਨਾਰਾਜ਼ਗੀ ਪ੍ਰਗਟ ਕਰਦਿਆਂ ਬੀੜ ਵਾਪਸ ਕਰਨ ਲਈ ਕਿਹਾ। ਜਦ ਕੋਈ ਸਿੱਖ ਇਹ ਕੰਮ ਕਰਨ ਨੂੰ ਤਿਆਰ ਨਾ ਹੋਇਆ ਤਾਂ ਆਪ ਜੀ ਨੇ ਦਰਿਆ ਬਿਆਸ ਦੇ ਸਪੁਰਦ ਇਹ ਬੀੜ ਕੀਤੀ। ਬਾਦ ਵਿਚ ਗੁਰੂ ਤੇਗ ਬਹਾਦਰ ਜੀ ਦਾ ਨਾਮ ਅਰਦਾਸ ਵਿਚ ਲੈਣ ਉਪ੍ਰੰਤ ਇਹ ਬੀੜ ਧੀਰਮਲ ਜੀ ਨੂੰ ਪ੍ਰਾਪਤ ਹੋਈ। ਗੁਰੂ ਜੀ ਦੇ ਹੁਕਮ ਕਾਰਨ ਹੀ ਇਹ ਸਭ ਹੋਇਆ ਅਤੇ ਬੀੜ ਦਰਿਆ ਦੇ ਪਾਣੀ ਵਿਚ ਵੀ ਸੁਰੱਖਿਅਤ ਰਹੀ। ਇਤਿਹਾਸ ਦੱਸਦਾ ਹੈ ਕਿ ਇਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਬੀੜ ਅਗਨੀ ਤੋਂ ਵੀ ਸੁਰੱਖਿਅਤ



Sri Satguru Jagjit Singh Ji eLibrary NamdhariElibrary@gmail.com

ਰਹੀ । ਗੁਰੂ ਤੇਗ ਬਹਾਦਰ ਬਗੈਰ ਬੀੜ ਦੇ ਹੀ ਕੀਰਤਪੁਰ ਗਏ । ਗੁਰੂ ਤੇਗ ਬਹਾਦਰ ਜੀ ਦੀ ਕੀਰਤੀ ਅੱਜ ਵੀ ਜੱਗ ਵਿਚ ਰੋਸ਼ਨ ਹੈ, ਪਰ ਜਿਹਨਾ ਨੇ ਆਦਿ ਗਰੰਥ ਸਾਹਿਬ ਦੀ ਬੀੜ ਦੇ ਆਸਰੇ ਗਰਿਆਈ ਚਲਾਉਣੀ ਚਾਹੀ ਉਹ ਧੀਰਮਲ ਅਤੇ ਅਜਿਹੇ ਹੋਰ ਲੋਕ ਅਸਫਲ ਰਹੇ । ਇਸ ਪ੍ਰਸੰਗ ਤੋਂ ਕਬੀਰ ਜੀ ਦੇ ਇਸ ਪ੍ਰਸ਼ਨ ਦਾ ਉਤਰ ਮਿਲ ਜਾਂਦਾ ਹੈ —

ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥
ਬੇਦ ਬਡਾ ਕਿ ਜਹਾਂ ਤੇ ਆਇਆ ॥

ਗੁਰੂ ਤੇਗ ਬਹਾਦਰ ਜੀ ਨੂੰ ਤਾਂ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਵੀ ਨਾ ਕਰਨ ਦਿਤੇ ਗਏ। ਗੁਰੂ ਗੋਬਿੰਦ ਸਿੰਘ ਜੀ ਵਕਤ ਵੀ ਬੀੜ ਕਰਤਾਰਪੁਰ ਹੀ ਰਹੀ ਅਤੇ ਆਪ ਵੀ ਸਾਰੀ ਉਮਰ ਸ੍ਰੀ ਅੰਮ੍ਰਿਤਸਰ ਨਾ ਆਏ । ਪਰ ਜਿਥੇ ਜਿਥੇ ਜੰਗਲਾਂ ਰੇਗਿਸਤਾਨਾਂ ਅਤੇ ਪਹਾੜਾਂ ਨੂੰ ਆਪ ਜੀ ਦੀ ਚਰਨ-ਛੋਹ ਪ੍ਰਾਪਤ ਹੋ ਗਈ, ਉਥੇ ਉਥੇ ਗੁਰਦੁਆਰੇ ਉੱਸਰ ਗਏ ।

ਅੱਜ ਕਲਿਆਣਕਾਰੀ ਗੁਰਬਾਣੀ ਦੇ ਬੇਅੰਤ ਅਖੰਡ ਅਤੇ ਸਾਧਾਰਨ ਪਾਠ ਹੋ ਰਹੇ ਹਨ । ਗੁਰਬਾਣੀ ਦੀਆਂ ਬੀੜਾਂ ਦਾ ਸਤਿਕਾਰ ਮਹਾਨ ਤੋਂ ਮਹਾਨ ਹੈ ! ਇਹ ਕਿਸਦੀ ਕ੍ਰਿਪਾ ਹੈ ?—ਇਹ ਗੁਰੂ ਦੀ ਹੀ ਕ੍ਰਿਪਾ ਹੈ ! ਗੁਰੂ ਅਰਜਨ ਦੇਵ ਜੀ ਮਹਾਰਾਜ, ਜਿਨ੍ਹਾਂ ਬੀੜ ਤਿਆਰ ਕਰਵਾਈ...ਅਤੇ ਬਾਕੀ ਸਾਰੇ ਸਤਿਗੁਰੂ ਸਾਹਿਬਾਨ ਜੀ, ਜਿਨ੍ਹਾਂ ਨੇ ਇਸ ਗੁਰਬਾਣੀ ਦਾ ਮਾਣ ਸਤਿਕਾਰ ਕਾਇਮ ਰਖਣ ਦਾ ਸਬਕ ਦਿਤਾ ।

ਗੁਰੂ ਵੱਲ ਮੁੱਖ ਹੋਣ ਕਾਰਨ ਸਿੱਖ ਸੰਗਠਨ ਵਿਚ ਦਿੱਬ-ਸ਼ਕਤੀ ਵਾਲਾ, ਆਤਮ-ਨਿਰਭਰ, ਗਿਆਨਵਾਨ ਅਤੇ ਸੁਚੇਤ ਸੰਗਠਨ ਬਣ ਗਿਆ। ਇਤਿਹਾਸ ਦੇ ਅਨੇਕਾਂ ਉਤਾਰਾਂ-ਚੜ੍ਹਾਵਾਂ ਵਿਚ ਸਾਬਤ ਕਦਮ ਰਿਹਾ। ਗੁਰੂ ਵਲੋਂ ਮਿਲੇ ਮਹਾਨ ਆਤਮਕ ਬਲ ਸਦਕਾ ਹੀ ਇਹ ਬਲੀਦਾਨ ਦੀਆਂ ਸਿਖਰਾਂ ਛੋਹ ਗਿਆ । ਲੰਮੇ ਇਤਿਹਾਸ ਬਾਅਦ ਇਹ ਰਾਜ-ਭਾਗ ਦਾ ਵਾਰਸ ਵੀ ਬਣ ਗਿਆ । ਇਸ ਸਮੇਂ ਦੁਨੀਆਵੀ ਪਦਾਰਥਾਂ ਦੀ ਬਹੁਲਤਾਂ ਨੇ ਗੁਰੂ ਵਲੋਂ ਮੁਖ ਮੋੜ ਦਿਤਾ। ਰਾਜ-ਭਾਗ ਖੁਸ ਗਿਆ । ਗੁਰੂ ਅਤੇ ਗੁਰਬਾਣੀ ਵਲੋਂ ਹੋਰ ਮੂੰਹ ਮੁੜ ਗਿਆ। ਇਸ ਬੇਮੁਖਤਾ ਦੇ ਦੌਰ ਵਿਚ ਇਹ ਹਾਲਤ ਤਰਸਯੋਗ ਹੋ ਗਈ । ਜਿਨ੍ਹਾਂ ਦੇ ਵੱਡੇ-ਵਡੇਰੇ ਪੁਰਖੇ ਸਵੇਰੇ ਜਾਗ ਕੇ ਬਾਣੀ ਪੜ੍ਹਦੇ ਸਨ ਅਤੇ ਸ੍ਰੀ ਗਰੰਥ ਸਾਹਿਬ ਨੂੰ ਬਿਨਾਂ ਦੇਖੇ ਰੋਟੀ-ਪਾਣੀ ਨਹੀਂ ਸਨ ਛਕਦੇ, ਉਨ੍ਹਾਂ ਦੇ ਹੀ ਪੁੱਤਰ ਪੋਤਰਿਆਂ ਨੇ, ਧੂਪ ਦੀਪ ਜਲਾਉਣ ਦੀ ਗੱਲ ਤਾਂ ਕਿਤੇ ਰਹੀ, ਸ੍ਰੀ ਗਰੰਥ ਸਾਹਿਬ ਵਲ ਝਾਤੀ ਪਾਉਣੀ ਵੀ ਛੱਡ ਦਿਤੀ। ਗਿਆਨੀ ਗਿਆਨ ਸਿੰਘ ਜੀ ਦੀ ਲਿਖਤ ਅਨੁਸਾਰ ਤਾਂ ਬੀੜਾਂ ਦੇ ਪਾਵਨ ਪੱਤਰਿਆਂ ਨੂੰ ਚੂਹੇ ਟੁੱਕਦੇ ਰਹੇ । ਜਪੁਜੀ ਜਾਂ ਰਹਿਰਾਸ ਆਪ ਤਾਂ ਪੜ੍ਹਨਾ ਛੱਡ ਦਿੱਤਾ ਜੇ ਕੋਈ ਹੋਰ ਪੜ੍ਹਦਾ ਸੀ ਤਾਂ ਉਸਨੂੰ ਮਖੌਲ ਕੀਤਾ ਜਾਂਦਾ ਸੀ। ਖਾਣ ਪੀਣ ਅਤੇ ਅਯਾਸ਼ੀ ਦਾ ਦੌਰ ਚਲ ਰਿਹਾ ਸੀ—

ਜਾਗ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲਪਾਨ ਨਾ ਕਰੇਂ ।
ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਖਯਾਤੀ
ਪਾਇ ਹੈ ਨਾ ਝਾਤੀ ਮੂਸ ਖਾਤ ਗ੍ਰੰਥ ਕੋ ਪਰੇਂ ।
ਜਪੁਜੀ ਨਾ ਰਹੁਰਾਸ ਸੁਨੈ ਪੜ੍ਹੈ ਕਬੀ ਖਾਸ
ਔਰ ਪੜ੍ਹਤ ਜੇ ਪਾਸ ਹਾਸ ਤਿਨ ਯੋ ਰਹੈਂ
ਕਹਾ ਰੱਬ ਬਹਿਰਾ ਹੈ ਗਹਿਰਾ ਪੁਕਾਰੇ ਜੋ ਤੂੰ
ਸਹਿਰਾਂ ਮੈਂ ਜਾਇ ਲੁਕਮੇ ਰਝਾਇ ਲੈ ਤਰੇ ।

ਇਸ ਹਾਲਤ ਨੂੰ ਕਿਸ ਤੋੜਿਆ ? ਸਤਿਗੁਰੂ ਨੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਦੇ ਇਵੇਂ ਸੀ ਜਿਵੇਂ ਕਾਲੀ ਬੋਲੀ ਰਾਤ ਪਿਛੋਂ ਸੂਰਜ ਉਦੇ ਹੁੰਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਅਤੇ ਬਾਣੀ ਦਾ ਛਿੱਟਾ ਹੀ ਦੇ ਦਿਤਾ। ਪਿੰਡ ਪਿੰਡ ਜਾ ਕੇ ਗੁਰੂ ਬਾਣੀ ਦੀਆਂ ਬੀੜਾਂ ਲੱਭ ਲੱਭ ਕੇ ਆਪਣੀ ਦਸਤਾਰ ਨਾਲ ਝਾੜ ਪੂੰਝ ਕੇ ਉਹਨਾਂ ਦਾ ਪ੍ਰਕਾਸ਼ ਕਰਵਾਇਆ। ਅਮਲ ਵਿਚ ਗੁਰਬਾਣੀ ਅਤੇ ਸ੍ਰੀ ਗਰੰਥ ਸਾਹਿਬ ਦਾ ਜੋ ਮਾਨ ਸਤਿਕਾਰ ਅੱਜ ਦਿਸ ਰਿਹਾ ਹੈ ਇਸ ਦੀ ਜਾਚ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਦੱਸੀ ਹੈ। ਗਿਆਨੀ ਗਿਆਨ ਸਿੰਘ ਜੀ 'ਪੰਥ ਪ੍ਰਕਾਸ਼' ਵਿਚ ਉਸ ਸਮੇਂ ਦਾ ਵਰਨਣ ਕਰਦੇ ਹਨ—

ਹਮਨ ਕਰੈ ਹੈਂ ਭੰਗ ਗ੍ਰੰਥ ਜੀ ਕੇ ਪੈਹੈਂ ਬਹੁ
ਸੰਗਤੋਂ ਕੇ ਕੱਠ ਥੈਹੈ ਰੰਹੈ ਰਚਨਾ ਲਗੀ ।
ਇਸ਼ਨਾਨ ਕਰਿ ਹੈਂ ਸੁਕੇਸ਼ ਵੇਸ ਰਾਤ ਹੀ ਤੇ
ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ ।

ਜੇ ਜ਼ਰਾ ਗਹੁ ਨਾਲ ਵੇਖਿਆ ਜਾਵੇ ਤਾਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਦ੍ਰਿੜਾਇਆ ਅਮਲ, ਸੁਕੇਸ਼ ਇਸ਼ਨਾਨ ਅਤੇ ਹਵਨ ਯੱਗ ਦੀ ਸਿਫਤ ਤਾਂ ਗੁਰੂ ਨਾਨਕ ਦੇਵ ਜੀ ਨੇ ਮਾਝ ਦੀ ਵਾਰ ਵਿਚ ਹੀ ਕਰ ਦਿਤੀ ਸੀ—



Sri Satguru Jagjit Singh Ji eLibrary NamdhariElibrary@gmail.com

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤ ਸਤ ਚਟੇ ਸਿਰਿ ਛਾਈ ॥
(ਪੰਨਾ ੧੫੦)

ਥੋੜੇ ਸ਼ਬਦਾਂ ਵਿਚ ਇਹ ਆਖਿਆ ਜਾ ਸਕਦਾ ਹੈ ਕਿ ਗੁਰਬਾਣੀ ਦੇ ਪਰਚਾਰ ਅਤੇ ਸਤਿਕਾਰ ਲਈ ਜੋ ਕਾਰਜ ਸਤਿਗੁਰੂ ਰਾਮ ਸਿੰਘ ਜੀ ਨੇ ਕੀਤੇ ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤੇ ਜਾ ਸਕਦੇ। ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਉਹ ਤੁਕਾਂ ਮੁੜ ਸਾਕਾਰ ਕਰ ਦਿਤੀਆਂ ਜੋ ਅਨੰਦ ਸਾਹਿਬ ਵਿਚ ਦਰਜ ਹਨ—

ਦੂਖ ਰੋਗ ਸੰਤਾਪ ਉਤਰੇ
ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ
ਪੂਰੇ ਗੁਰ ਤੇ ਜਾਣੀ ॥

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਬਾਦ ਬਦੇਸ਼ੀ ਸਰਕਾਰ ਵਲੋਂ ਜੋ ਸਖਤੀਆਂ ਗੁਰੂ ਹਰੀ ਸਿੰਘ ਜੀ ਅਤੇ ਸਿਖਾਂ ਉਪਰ ਕੀਤੀਆਂ ਗਈਆਂ ਉਹ ਬਹੁਤ ਹੀ ਦਰਦਨਾਕ ਇਤਿਹਾਸ ਹੈ. ਇਸ ਸਮੇਂ ਤਾਂ ਸਾਧ ਸੰਗਤ ਦੇ ਇਕੱਠੇ ਹੋਣ ਅਤੇ ਪਾਠ ਕਰਨ ਤੇ ਵੀ ਪਾਬੰਦੀਆਂ ਸਨ। ਇਸ ਘੋਰ ਸੰਕਟ ਦੇ ਸਮੇਂ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਸਿਖਾਂ ਨੇ ਹਰ ਹੀਲੇ ਇਹ ਅਖੰਡ ਪਾਠ, ਸਾਧਾਰਨ ਪਾਠ, ਦਸਮ ਗ੍ਰੰਥ ਸਾਹਿਬ ਦੇ ਪਾਠ ਅਤੇ ਨਾਮ ਸਿਮਰਨ ਕਿਸੇ ਨਾ ਕਿਸੇ ਤਰ੍ਹਾਂ ਜਾਰੀ ਰੱਖੇ। ਸ੍ਰੀ ਭੈਣੀ ਸਾਹਿਬ ਇਕ ਭੋਰੇ ਵਿਚ ਪਾਠ ਚਲਦੇ ਰਹਿੰਦੇ ਸਨ। ਜਦ ਇਕ ਵਾਰ ਪੁਲਿਸ ਦਾ ਛਾਪਾ ਪਿਆ ਤਾਂ ਇਹ ਪਾਠ ਦੂਸਰੇ ਥਾਂ ਤੋਰ ਕੇ ਉਸੇ ਤੁੱਕ ਤੋਂ ਅਗੇ ਪਾਠ ਆਰੰਭ ਕੀਤਾ ਗਿਆ।

ਇਤਿਹਾਸ ਦੇ ਲੰਮੇ ਦੌਰ ਵਿਚ ਪਹਿਲੀ ਵਾਰ ਖੁਲ੍ਹ ਕੇ ਲੱਖਾਂ ਦੀ ਤਾਦਾਦ ਵਿਚ ਜੇ ਪਾਠ ਹੋਏ ਤਾਂ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਿਆਈ ਕਾਲ ਵਿਚ ਹੋਏ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਦੋ ਵਾਰ ਸਵਾ ਸਵਾ ਲੱਖ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਹੋਏ। ਇਸ ਤੋਂ ਇਲਾਵਾ ਅਖੰਡ ਪਾਠ ਅਤੇ ਦਸਮ ਗ੍ਰੰਥ ਦੇ ਪਾਠ ਅਣਗਿਣਤ ਹੋਏ। ਘਰਾਂ ਦੇ ਸਮਾਗਮਾਂ ਅਤੇ ਅਨੰਦ ਕਾਰਜਾਂ ਸੰਬੰਧੀ ਪਾਠ ਕਰਨਾ ਲਾਜ਼ਮੀ ਹੋ ਗਿਆ। ਚੰਡੀ ਦੀ ਵਾਰ, ਭਜਨ ਸਿਮਰਨ ਦੀਆਂ ਵਰਨੀਆਂ ਹਵਨ ਯੱਗ ਸਮਾਗਮਾਂ ਦੀ ਇਕ ਲੰਮੀ ਸੂਚੀ ਬਣ ਸਕਦੀ ਹੈ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਕੀਤੇ ਅਤੇ ਆਪਣੇ ਸਿਖਾਂ ਤੋਂ ਕਰਵਾਏ।

ਵਰਤਮਾਨ ਦੌਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ। ਇਹ ਚੋਮੁਖੀ ਵਿਕਾਸ ਦਾ ਦੌਰ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਉਸ ਸਮੇਂ ਹੋਇਆ ਜਦ ਆਪ ਦਾ ਨਿਵਾਸ-ਅਸਥਾਨ ਇਕ ਬੰਦੀਖਾਨਾ ਹੀ ਸੀ। ਆਪ ਨੇ ਬੰਦੀ ਜੀਵਨ ਵਿਚ ਉਮਰ ਦੇ ਮੁਢਲੇ ਸਾਲ ਗੁਜ਼ਾਰੇ, ਸਮੁਚੇ ਦੇਸ਼ ਦੇ ਬੰਦੀ ਜੀਵਨ ਨੂੰ ਵੀ ਵੇਖਿਆ, ਆਜ਼ਾਦੀ ਵਾਸਤੇ ਸੰਘਰਸ਼ ਵੀ ਵੇਖਿਆ, ਆਜ਼ਾਦੀ ਦੀ ਪ੍ਰਾਪਤੀ ਵੀ ਵੇਖੀ, ਭਿਅੰਕਰ ਵਿਨਾਸ਼ ਦੇ ਸਮੇਂ 'ਚੋਂ ਵੀ ਲੰਘੇ ਅਤੇ ਬੇਅੰਤ ਵਿਕਾਸ ਦੇ ਦੌਰ ਨੂੰ ਵੀ ਘੋਖਿਆ ਹੈ। ਹਰ ਪ੍ਰਕਾਰ ਦੀ ਦੁਖ ਸੁਖ ਦੀ ਸਥਿਤੀ ਵਿਚ ਆਪ ਆਪ ਪੂਰਨ ਬ੍ਰਹਮ ਗਿਆਨੀ ਵਾਂਗ ਨਿਰਲੇਪ ਰਹੇ ਹਨ। ਅਧਿਆਤਮਕ ਅਤੇ ਸੰਸਾਰਕ ਵਿਰਾਸਤ ਵਲੋਂ ਆਪ ਬਹੁਤ ਮਹਾਨ ਸਤਿਗੁਰੂ ਸਾਹਿਬਾਨ ਦੀ ਸੰਗਲੀ ਨਾਲ ਜੁੜੇ ਹੋਏ ਹਨ। ਜੁਗਾਂ ਦਾ ਅਧਿਆਤਮਕ ਚਿੰਤਨ ਆਪ ਦਾ ਖ਼ਜ਼ਾਨਾ ਹੈ। ਆਪ ਸਭ ਤੱਥ ਅਤੇ ਵੱਥ ਵਰਤਕੇ ਇਸ ਦੌਰ ਵਿਚ ਰਹਿਨੁਮਾਈ ਦੇ ਰਹੇ ਹਨ। ਸੰਕਟ ਕਾਲ ਸਮੇਂ ਤਾਂ ਰੱਬ ਬਹੁਤਿਆਂ ਨੂੰ ਯਾਦ ਆਉਂਦਾ ਹੈ...ਐਸ਼ਵਰਜ ਵੇਲੇ ਭੁੱਲ ਜਾਂਦਾ ਹੈ। ਦੁਨਿਆਵੀ ਸੁਖ ਸਦਾ ਹੀ ਮਨੁੱਖ ਦੇ ਰਸਾਤਲ ਵਲ ਜਾਣ ਦਾ ਕਾਰਨ ਬਣਿਆ। ਅਜਿਹੇ ਵੇਲੇ ਸੰਭਾਲ ਕਰਨਾ ਕਿਸੇ ਪੂਰੇ ਸਤਿਗੁਰੂ ਸੂਰਮੇ ਦਾ ਹੀ ਕੰਮ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੁਖ ਨਿਸ਼ਾਨਾ ਹਰ ਬਾਲ, ਜੁਆਨ, ਬਿਰਧ ਨੂੰ ਆਪਣੇ ਅਧਿਆਤਮਕ ਅਤੇ ਸਦਾਚਾਰਕ ਵਿਰਸੇ ਨਾਲ ਜੋੜਨਾ ਹੈ। ਵਿਸ਼ੇਸ਼ ਧਿਆਨ ਦਾ ਕੇਂਦਰ ਨੌਜਵਾਨ ਵਰਗ ਹੈ। ਜਿਥੇ ਆਪ ਜੀ ਨੇ ਰਾਈਆਂ, ਸ੍ਰੀ ਭੈਣੀ ਸਾਹਿਬ, ਮਾਲੇਰਕੋਟਲਾ, ਅੰਮ੍ਰਿਤਸਰ, ਲੁਧਿਆਣਾ ਆਦਿਕ ਇਤਿਹਾਸਕ ਥਾਵਾਂ ਤੇ ਬੇਮਿਸਾਲ ਨਿਰਮਾਣ ਕਾਰਜ ਆਰੰਭੇ ਹਨ, ਉਥੇ ਬਹੁਤ ਸਾਰੀਆਂ ਥਾਵਾਂ ਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਆਪ ਨੇ ਆਰੰਭ ਕਰਵਾਈਆਂ ਹਨ।



Sri Satguru Jagjit Singh Ji eLibrary NamdhariElibrary@gmail.com

ਨੌਜਵਾਨਾਂ ਦੀਆਂ ਖੇਡਾਂ ਦੀਆਂ ਟੀਮਾਂ ਦੀ ਤਿਆਰੀ, ਸੰਗੀਤ ਸਿਖਿਆ ਉਤੇ ਬੇਅੰਤ ਮਾਇਆ ਦਾ ਖਰਚਾ, ਨਾਮਧਾਰੀ ਵਿਦਿਅਕ ਸੰਮੇਲਨਾਂ ਦੇ ਸਾਲਾਨਾ ਆਯੋਜਨ ਅਤੇ ਹੋਰ ਬਹੁਤ ਸਾਰੀਆਂ ਸਰਗਰਮੀਆਂ ਇਸੇ ਪਾਸੇ ਵਲ ਸੇਧਤ ਹਨ ਕਿ ਇਹ ਵਰਗ ਮਰਿਆਦਾ ਦਾ ਪਾਲਣ ਕਰਨਾ ਅਤੇ ਸੰਜਮ ਵਿਚ ਰਹਿਣਾ ਸਿਖ ਜਾਵੇ। ਸਹੀ ਭਾਰਤੀ ਰਾਗਾਂ ਅਤੇ ਗੁਰਮਤਿ ਨਿਯਮਾਵਲੀ ਅਨੁਸਾਰ ਗੁਰਬਾਣੀ ਦੇ ਕੀਰਤਨ ਵਾਸਤੇ ਆਪ ਜੀ ਨੇ ਅਥਾਹ ਖਰਚ ਖੇਚਲ ਕਰਕੇ ਨੌਜਵਾਨਾਂ ਨੂੰ ਇਸ ਵਿਚ ਪਾਰੰਗਤ ਕੀਤਾ ਹੈ। ਇਹ ਸਾਰਾ ਕੁਝ ਸਾਡੇ ਮਹਾਨ ਸਤਿਗੁਰੂ ਸਾਹਿਬਾਨ ਦਾ ਹੁਕਮ ਜੋ ਆਪ ਜੀ ਨੇ ਪਾਵਨ ਗੁਰਬਾਣੀ ਰਾਹੀਂ ਕਾਵਿ-ਰੂਪ ਵਿਚ ਦਿਤਾ, ਉਸ ਨੂੰ ਲੋਕਾਂ ਤਕ ਠੀਕ ਤਰੀਕੇ ਨਾਲ ਪਹੁੰਚਾਣ ਦਾ ਜਤਨ ਹੈ।

ਗੁਰਬਾਣੀ ਦੀ ਸਾਰੀ ਮਹੱਤਤਾ ਹੀ ਖਤਮ ਹੋ ਜਾਂਦੀ ਹੈ, ਜੇ ਉਹ ਅਸ਼ੁੱਧ ਉਚਾਰੀ ਜਾਵੇ। ਇਸ ਵਿਚ ਵਰਤੀਆਂ ਗਈਆਂ ਲਗਾਂ-ਮਾਤਰਾਂ ਦੀ ਆਪਣੀ ਮਹੱਤਤਾ ਹੈ। ਸਿੱਖ ਇਤਿਹਾਸ ਵਿਚ ਵਰਨਣ ਹੈ ਕਿ ਸਿੱਖ ਕੋਲੋਂ ਗੁਰਬਾਣੀ ਸੁਣ ਕੇ ਇਕ ਗੁਰੂ ਸਾਹਿਬ ਨੇ ਆਪਣੀ ਗੁਰਗੱਦੀ ਉਸ ਨੂੰ ਸੌਂਪ ਦੇਣ ਦਾ ਮਨ ਬਣਾ ਲਿਆ ਸੀ ਅਤੇ ਇਕ ਗੁਰੂ ਸਾਹਿਬ ਨੇ ਗੁਰਬਾਣੀ ਦਾ ਪਾਠ ਸੁਣ ਕੇ ਇਕ ਸਿੱਖ ਨੂੰ ਚਪੇੜਾਂ ਮਰਵਾਈਆਂ ਸਨ। ਗੁਰਬਾਣੀ ਸੁਣਨ ਤੇ ਦੋ ਪ੍ਰਤੀਕਰਮ ਪ੍ਰਸਪਰ ਵਿਰੋਧੀ ਕਿਉਂ? ਕਾਰਨ ਸ਼ੁੱਧਤਾ ਤੇ ਅਸ਼ੁੱਧਤਾ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਜਪੁਜੀ ਸਾਹਿਬ ਦਾ ਲਗਾਂ-ਮਾਤਰਾਂ ਤੱਕ ਸ਼ੁੱਧ ਪਾਠ ਸਰਵਣ ਕੀਤਾ ਤਾਂ ਉਹ ਗੱਦੀ ਦੇਣ ਨੂੰ ਤਿਆਰ ਹੋ ਗਏ। ਸਿੱਖ ਦਾ ਸੰਕਲਪ ਘੋੜਾ ਲੈਣ ਦਾ ਸੀ ਉਹ ਉਸ ਨੂੰ ਦੇ ਦਿਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਇਕ ਲਾਂਵ ਦੇ ਫ਼ਰਕ ਕਾਰਨ ਚਪੇੜਾਂ ਮਰਵਾਈਆਂ। ਸਿੱਖ ਨੇ ਤੁਕ ਪੜ੍ਹੀ—

"ਕਰਤੇ ਕੀ ਮਿਤਿ ਕਰਤਾ ਜਾਣੈ
ਕੇ ਜਾਣੇ ਗੁਰੁ ਸੂਰਾ"

ਜਿਸ ਦਾ ਅਰਥ ਇਹ ਬਣਦਾ ਹੈ—"ਕਰਤਾ ਪੁਰਖ ਈਸ਼ਵਰ ਦੀ ਗੱਲ ਕਰਤਾ ਪੁਰਖ ਹੀ ਜਾਣਦਾ ਹੈ ਗੁਰੂ ਸੂਰਮੇ ਨੂੰ ਕੀ ਪਤਾ ਹੈ ?"

ਜਦਕਿ ਅਸਲ ਵਿਚ ਤੁਕ ਇਹ ਹੈ —

"ਕਰਤੇ ਕੀ ਮਿਤਿ ਕਰਤਾ ਜਾਣੈ
"ਕੈ ਜਾਣੈ ਗੁਰੁ ਸੂਰਾ"

ਇਸ ਦਾ ਅਰਥ ਹੈ—"ਕਰਤਾ ਪੁਰਖ ਈਸ਼ਵਰ ਦੀ ਗੱਲ ਕਰਤਾ ਪੁਰਖ ਜਾਣਦਾ ਹੈ ਜਾਂ ਗੁਰੂ ਸੂਰਮਾ ਜਾਣਦਾ ਹੈ।"

* * * *

ਅੱਜ, ਅਕਸਰ ਦੇਖਿਆ ਜਾਂਦਾ ਹੈ ਕਿ ਵੱਡੇ ਵੱਡੇ ਧਾਰਮਿਕ ਅਸਥਾਨਾਂ 'ਤੇ ਵੀ ਰਾਗੀ ਇਕ ਦੋ ਅੱਖਰ ਨਹੀਂ ਸਾਰੀ ਗੁਰਬਾਣੀ ਗ਼ਲਤ ਪੜ੍ਹ ਜਾਂਦੇ ਹਨ। ਗੁਰੂ ਸਾਹਿਬ ਦੀ ਕਰੋਪੀ ਦਾ ਸਹਿਜੇ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਇਸੇ ਕਰਕੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਪਾਠੀਆਂ ਰਾਗੀਆਂ ਦਾ ਸ਼ਬਦ ਉਚਾਰਨ ਬਚਪਨ ਤੋਂ ਹੀ ਸ਼ੁੱਧ ਕਰਾਉਣ ਵਲ ਵਿਸ਼ੇਸ਼ ਧਿਆਨ ਦਿੰਦੇ ਹਨ। ਖਾਸ ਕਲਾਸਾਂ ਲਗਦੀਆਂ ਹਨ। ਵਿਦਿਅਕ ਸੰਮੇਲਨਾਂ ਅਤੇ ਹੋਰ ਵੱਡੇ ਮੇਲਿਆਂ ਤੇ ਸ਼ੁੱਧ ਪਾਠ ਮੁਕਾਬਲੇ ਕਰਵਾਕੇ ਜੇਤੂਆਂ ਨੂੰ ਮਾਨ-ਸਨਮਾਨ ਦਿਤੇ ਜਾਂਦੇ ਹਨ। ਹਜ਼ੂਰੀ ਰਾਗੀਆਂ ਦੇ ਉਚਾਰਨ ਵੇਲੇ ਵੀ ਨਿਕੀ ਨਿਕੀ ਮਾਤਰਾ ਦਾ ਧਿਆਨ ਦਿਤਾ ਜਾਂਦਾ ਹੈ।

ਸਤਿਗੁਰੂ ਮਰਿਯਾਦਾ ਪਰਸ਼ੋਤਮ ਹੁੰਦਾ ਹੈ। ਭਾਵ ਉਹ ਹੀ ਮਰਿਯਾਦਾ ਵਿਚ ਉੱਤਮ ਪੁਰਖ ਹੁੰਦਾ ਹੈ। ਸਤਿਗੁਰੂ ਆਦਰਸ਼ ਪੁਰਖ ਵੀ ਹੁੰਦਾ ਹੈ। ਮਨੁੱਖ ਕਿਹੋ ਜਿਹਾ ਬਣੇ, ਉਸ ਸਿਖਰ ਦਾ ਨਮੂਨਾ ਸਤਿਗੁਰੂ ਹੁੰਦਾ ਹੈ। ਸਤਿਗੁਰੂ ਵਿਧੀ ਵਿਧਾਨ ਦਾ ਸੁਤੰਤਰ ਮਾਲਕ ਅਤੇ ਅਧਿਕਾਰੀ ਹੁੰਦਾ ਹੈ, ਉਹ ਕਿਸੇ ਦੇ ਅਧੀਨ ਨਹੀਂ ਹੁੰਦਾ। ਸਤਿਗੁਰੂ ਦਾ ਹੁਕਮ, ਬਚਨ ਹੀ ਇਹ ਵਿਧੀ ਵਿਧਾਨ ਹੁੰਦਾ ਹੈ। ਸਤਿਗੁਰੂ ਦਾ ਚਲਣ ਉਸ ਦਾ ਅਮਲ ਹੋਰ ਲੋਕਾਂ ਵਾਸਤੇ ਮਿਸਾਲੀ ਹੁੰਦਾ ਹੈ। ਸਤਿਗੁਰੂ ਦੀ ਬੋਲ-ਬਾਣੀ, ਬਾਣਾ, ਨਿਤਕਰਮ, ਅਧਿਆਤਮਕ ਅਤੇ ਦੁਨਿਆਵੀ ਮਸਲਿਆਂ ਬਾਰੇ ਦ੍ਰਿਸ਼ਟੀਕੋਣ ਸਭ ਕੁਝ ਹੀ ਸਿੱਖ ਵਾਸਤੇ ਇਕ ਸੰਥਾ ਹੁੰਦਾ ਹੈ। ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਸਤਿਗੁਰੂ ਦੇ ਹੁਕਮ ਨਾਲ ਹੀ ਨਵੀਆਂ ਮਾਨਤਾਵਾਂ ਸਥਾਪਤ ਹੁੰਦੀਆਂ ਰਹੀਆਂ ਅਤੇ ਪੁਰਾਣੀਆਂ ਹਟਦੀਆਂ ਰਹੀਆਂ। ਕਿਸੇ ਸਮੇਂ ਗੁਰੂ ਸਾਹਿਬਾਨ ਨੂੰ 'ਸੇਲੀ ਟੋਪੀ' ਦਿਤੀ ਜਾਂਦੀ ਸੀ। ਅੱਜ ਦਸਤਾਰ ਜ਼ਰੂਰੀ ਹੈ। ਕਿਸੇ ਸਮੇਂ ਗੁਰੂ ਦੇ ਚਰਨਾਂ ਨੂੰ ਧੋ ਕੇ ਪੀਣਾ ਅੰਮ੍ਰਿਤ ਛਕਣਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਤੋਰੀ। ਇਹ ਸੱਤਾ ਤਾਂ ਗੁਰੂ ਦੇ ਵਾਕ ਵਿਚ ਹੀ ਹੈ। ਅੱਜ ਦੇ ਅੰਮ੍ਰਿਤ ਦੀ ਸਾਰੀ



Sri Satguru Jagjit Singh Ji eLibrary NamdhariElibrary@gmail.com

ਸ਼ਕਤੀ ਤਾਂ ਗੁਰੂ ਦੇ ਵਾਕ ਵਿਚ ਹੈ। ਪਾਠ, ਹੋਮ ਜੱਗ, ਸਿਮਰਨ ਕੀਰਤਨ, ਪਹਿਰਾਵਾ, ਖਾਣ-ਪਾਣ, ਅਤੇ ਹੋਰ ਰਹੁ-ਰੀਤਾਂ ਸਿੱਖ ਵਾਸਤੇ ਇਸ ਕਰਕੇ ਲਾਜ਼ਮੀ ਹਨ ਕਿਉਂਕਿ ਇਹ ਗੁਰੂ ਦਾ ਹੁਕਮ ਹੈ। ਇਨ੍ਹਾਂ ਪਿੱਛੇ ਜੋ ਤਰਕ ਹੈ, ਉਹ ਗੁਰੂ ਜਾਣਦਾ ਹੈ...ਉਹ ਕਿਸੇ ਨੂੰ ਦੱਸ ਭਾਵੇਂ ਨਾ ਦੱਸ। ਸਿੱਖ ਦਾ ਫਰਜ਼ ਹੈ ਕਿ ਉਹ ਗੁਰੂ ਦੇ ਹੁਕਮ ਨੂੰ ਈਮਾਨਦਾਰੀ ਨਾਲ ਤਕੜਿਆਂ ਹੋ ਕੇ ਅਮਲ ਵਿਚ ਲਿਆਵੇ। ਇਸ ਗੱਲ ਦੀ ਵਿਆਖਿਆ ਵਿਚ ਗਰੰਥਾਂ ਦੇ ਗਰੰਥ ਲਿਖੇ ਜਾ ਸਕਦੇ ਹਨ। ਬੜਾ ਵੱਡਾ ਇਤਿਹਾਸ ਹੈ। ਵਿਦਵਾਨ ਲੋਕ ਪ੍ਰਮਾਣਾਂ ਦੇ ਢੇਰ ਲਾ ਸਕਦੇ ਹਨ। ਇਹ ਸਭ ਕੁਝ ਤਾਂ ਵਿਆਖਿਆ ਹੈ। ਤੱਤ ਹੈ ਗੁਰੂ ਦੀ ਸਿਖਿਆ ਉਤੇ ਅਮਲ ਕਰਨਾ। ਇਸ ਵਾਸਤੇ ਵੀ ਗੁਰੂ ਤੋਂ ਕਿਰਪਾ ਦੀ ਯਾਚਨਾ ਕਰਨੀ। ਗੁਰੂ ਦਾ ਦਸਿਆ ਇਕ 'ਸ਼ਬਦ' ਪ੍ਰਾਣੀ ਦੇ ਕਪਾਟ ਖੋਲ੍ਹ ਸਕਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ 'ਜਪੁਜੀ' ਵਿਚ ਉਚਾਰਦੇ ਹਨ—

''ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥''

ਇਹ ਗੱਲ ਤਾਂ ਸਾਧਾਰਨ ਆਦਮੀ ਵੀ ਜਾਣਦਾ ਹੈ ਕਿ ਵਧੀਆ ਤੋਂ ਵਧੀਆ ਦੁੱਧ ਪਾਉਣ ਵਾਸਤੇ ਭਾਂਡਾ ਧੋ ਕੇ ਸ਼ੁੱਧ ਕੀਤਾ ਹੋਇਆ ਵਰਤਿਆ ਜਾਵੇ, ਤਾਂ ਹੀ ਦੁੱਧ ਠੀਕ ਰਹੇਗਾ, ਨਹੀਂ ਤਾਂ ਉਹ ਨੁਕਸਾਨ ਕਰੇਗਾ। ਇਵੇਂ ਹੀ ਇਨਸਾਨ ਨੂੰ ਆਪਣਾ ਮਨ ਸ਼ੁੱਧ ਕਰਕੇ ਰੱਖਣਾ ਹੋਵੇਗਾ .. ਤਦ ਹੀ 'ਗੁਰੂ ਕਾ ਸ਼ਬਦ' ਅਸਰ ਕਰੇਗਾ। ਇਸ ਮਨ ਦੀ ਸ਼ੁੱਧੀ ਵਾਸਤੇ ਵੀ ਗੁਰੂ ਦੀ ਹੀ ਲੋੜ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਕਿਰਪਾ ਕੀਤੀ ਹੈ। ਸਭ ਹੀਲੇ ਵਰਤਕੇ ਸਿੱਖਾਂ ਨੂੰ—ਨਾਮ ਸਿਮਰਨ, ਗੁਰਬਾਣੀ ਅਤੇ ਮਰਿਯਾਦਾ—ਨਾਲ ਜੋੜ ਕੇ ਰੱਖਦੇ ਹਨ। ਗੁਰਬਾਣੀ ਦੇ ਪਾਠਾਂ ਦਾ ਆਪ ਜੀ ਦਾ ਖਾਸ ਹੁਕਮ ਹੈ। ਇਸੇ ਵਾਸਤੇ ਆਪ ਜੀ ਬਹੁਤ ਸੁੰਦਰ ਅਤੇ ਉੱਤਮ ਛਪਾਈ ਸਹਿਤ ਲਗਾਤਾਰ ਨਾਮਧਾਰੀ ਨਿਤਨੇਮ ਦੇ ਗੁਟਕੇ ਅਤੇ ਹੋਰ ਗ੍ਰੰਥ ਤਿਆਰ ਕਰਵਾਉਣ ਦਾ ਉੱਦਮ ਸੇਵਕਾਂ ਨੂੰ ਦਿੰਦੇ ਹਨ।

Oster
CARDIGANS ■ PULLOVERS
Ante-date Knitters
A Quality Product of
UDEY Knitwears
Manufacturers & Exporters
Street No.3, Jammu Colony, Nr. Preet Palace,
Opp Atam Park, LUDHIANA
Phones: 405338, 36349 Fax: 26070 ATTN., 24349



Sri Satguru Jagjit Singh Ji eLibrary NamdhariElibrary@gmail.com

# ਲੰਮੀਆਂ ਸੋਚਾਂ

—ਵਰਿਆਮ ਸਿੰਘ ਸੰਧੂ

ਸਮੁੰਦਰ ਨਾਲ ਮਿਲ ਕੇ ਸਮੁੰਦਰ ਬਣੇ ਹਡਸਨ ਤੇ ਪੂਰਬੀ ਦਰਿਆਵਾਂ ਦੀ ਬੁੱਕਲ ਵਿਚ ਘਿਰਿਆ ਨਿਊਯਾਰਕ ਦਾ ਟਾਪੂ ਵੇਖ ਕੇ ਮੈਂ ਰੱਜ ਚੁੱਕਾ ਸਾਂ। ਲੰਮੀਆਂ ਖੁੱਲ੍ਹੀਆਂ ਸੜਕਾਂ, ਵੱਡੇ ਵੱਡੇ ਸਟੋਰ, ਉੱਚੀਆਂ ਇਮਾਰਤਾਂ, ਝਿਲਮਿਲਾਉਂਦੀਆਂ ਰੌਸ਼ਨੀਆਂ ਹੁਣ ਖਿੱਚ ਨਹੀਂ ਸਨ ਪਾਉਂਦੀਆਂ। ਲਗਦਾ ਸੀ ਜਿਵੇਂ ਸਮੁੰਦਰ ਕਿਨਾਰੇ ਪਿਆਸਾ ਖੜੋਤਾ ਹੋਵਾਂ। ਅਸਲ ਵਿਚ ਮੈਨੂੰ ਆਪਣਾ 'ਘਰ' ਯਾਦ ਆ ਰਿਹਾ ਸੀ। ਮੈਂ ਓਦਰ ਗਿਆ ਸਾਂ। ਉਦਾਸ 'ਸਿਧਾਰਥ' ਦਾ ਦਿਲ ਪਰਚਾਉਣ ਲਈ ਗੁਰਚਰਨ 'ਛੰਨਾ' ਬਣ ਕੇ ਆਪਣਾ 'ਰੱਥ' ਇਧਰ ਉਧਰ ਦੁੜਾਈ ਫਿਰਦਾ ਸੀ। ਕਦੀ ਦੋਸਤਾਂ ਮਿੱਤਰਾਂ ਦੇ ਘਰ, ਕਦੀ ਕਿਸੇ ਹੋਟਲ ਜਾਂ ਸਟੋਰ ਵਿਚ, ਕਦੀ ਯੂ.ਐਨ.ਓ. ਦੀ ਬਿਲਡਿੰਗ, ਕਦੀ ਕੋਲੰਬੀਆ ਯੂਨੀਵਰਸਿਟੀ ਤੇ ਕਦੀ ਅੰਪਾਇਰ ਸਟੇਟ ਬਿਲਡਿੰਗ। ਮੈਂ ਥੱਕ ਗਿਆ ਸਾਂ।

"ਕਿਉਂ ਭਾ ਜੀ, ਵੇਖਿਆ ਜੇ ਨਖ਼ਰਾ !" ਗੁਰਚਰਨ ਨੇ ਮੇਰਾ ਧਿਆਨ ਪਰਤਾਉਣਾ ਚਾਹਿਆ।

ਦੁਨੀਆਂ ਦੀਆਂ ਸਭ ਤੋਂ ਉੱਚੀਆਂ ਇਮਾਰਤਾਂ 'ਚੋਂ ਗਿਣੀ ਜਾਣ ਵਾਲੀ ਇਕ ਸੌ ਦਸ ਮੰਜ਼ਿਲਾ ਇਮਾਰਤ 'ਅੰਪਾਇਰ ਸਟੇਟ ਬਿਲਡਿੰਗ' ਤੋਂ ਉੱਤਰ ਕੇ ਅਸੀਂ ਉਸਦੇ ਪੈਰਾਂ ਵਿਚ ਇਕ ਪਾਸੇ ਚਸ਼ਮੇ ਵਾਂਗ ਫੁੱਟ ਰਹੇ ਫੁਹਾਰੇ ਦੇ ਦੁਆਲੇ ਬਣੇ ਬੈਂਚਾਂ ਉੱਪਰ ਬੈਠੇ ਸਾਂ। ਇਕ ਨੌਜਵਾਨ ਆਪਣੀ ਪ੍ਰੇਮਿਕਾ ਕੋਲੋਂ ਉੱਠਿਆ। ਅਸਮਾਨ ਵੱਲ ਉੱਛਲ ਰਹੇ ਫੁਹਾਰੇ ਦੀ ਭੂਰ ਵਿਚ ਉਸਨੇ ਆਪਣੇ ਹੱਥ ਗਿੱਲੇ ਕੀਤੇ ਤੇ ਮਹਿੰਦੀ ਲੱਗੇ ਹੱਥਾਂ ਵਾਂਗ ਪਾਣੀ ਭਿੱਜੇ ਆਪਣੇ ਹੱਥਾਂ ਨੂੰ ਸਾਂਭਦਾ ਹੋਇਆ ਉਹ ਵਾਪਸ ਪਰਤਿਆ ਤੇ ਆਪਣੇ ਸਿੱਲ੍ਹੇ ਹੱਥ ਆਪਣੀ ਪ੍ਰੇਮਿਕਾ ਦੇ ਨੰਗੇ ਪੱਟਾਂ ਉੱਪਰ ਇੰਜ ਫੇਰਨ ਲੱਗਾ ਜਿਵੇਂ 'ਸਿੱਲ੍ਹ' ਦਾ ਪੇਂਟ ਕਰਨ ਲੱਗਾ ਹੋਵੇ। ਉਸਦੀ ਪ੍ਰੇਮਿਕਾ ਨੇ ਉਸਦੇ ਦੋਵੇਂ ਹੱਥ ਪੱਟਾਂ ਤੋਂ ਚੁੱਕ ਕੇ ਉਹਦੀਆਂ ਗਿੱਲੀਆਂ ਤਲੀਆਂ ਨਾਲ ਆਪਣੀਆਂ ਗੱਲ੍ਹਾਂ ਘੁਟ ਲਈਆਂ।

ਇਹ 'ਨਖ਼ਰਾ' ਵੀ ਮੇਰਾ ਉਤਸ਼ਾਹ ਨਾ ਵਧਾ ਸਕਿਆ ਕਿਉਂਕਿ ਉਥੇ ਇਹ ਦ੍ਰਿਸ਼ ਕੋਈ ਦੁਰਲੱਭ ਝਾਕੀ ਨਹੀਂ ਸੀ। ਮੇਰੇ ਤੋਂ ਦੋ ਫੁੱਟ ਦੀ ਦੂਰੀ ਉੱਤੇ ਇਕ ਹੱਟਾ ਕੱਟਾ ਕਾਲਾ ਮਲੂਕ ਜਿਹੀ ਗੋਰੀ ਕੁੜੀ ਨੂੰ ਆਪਣੀ ਗੋਦ ਵਿਚ ਲਈ ਬੈਠਾ ਸੀ ਤੇ ਉਹਦੇ ਹੋਠਾਂ 'ਤੇ ਝੁਕਿਆ ਹੋਇਆ ਸੀ। ਅਜੇ ਕੁਝ ਹੀ ਮਿੰਟ ਪਹਿਲਾਂ ਅਸੀਂ ਇਕ ਸੌ ਦਸਵੀਂ ਮੰਜ਼ਿਲ ਉੱਪਰ ਨਿਊਯਾਰਕ ਦੇ ਆਲੇ ਦੁਆਲੇ ਦੇ ਦ੍ਰਿਸ਼ ਦਾ ਆਨੰਦ ਲੈ ਰਹੇ ਸਾਂ। ਸਮੁੰਦਰ ਅਤੇ ਦਰਿਆਵਾਂ ਨੇ ਕਰਿੰਘੜੀ ਪਾ ਕੇ ਨਿਊਯਾਰਕ ਨੂੰ ਘੁੱਟਿਆ ਹੋਇਆ ਸੀ। ਚਮਕਦਾ ਪਾਣੀ, ਪਾਣੀ ਵਿਚ ਖੜੋਤਾ 'ਸਟੈਚੂ ਆਫ ਲਿਬਰਟੀ', ਦੂਰ ਦੂਰ ਤੱਕ ਹਰਿਆਲੇ ਰੁੱਖਾਂ ਦੇ ਝੁੰਡ, ਇਮਾਰਤ ਦੇ ਨੇੜੇ ਤੇ ਇਰਦ ਗਿਰਦ ਉਚਾਈ 'ਤੋਂ 'ਛੋਟਾ' ਹੋ ਗਿਆ ਨਿਊਯਾਰਕ, ਭੀੜੀਆਂ ਤੇ ਨਿੱਕੀਆਂ ਹੋ ਗਈਆਂ ਸੜਕਾਂ। ਇਕ ਵੱਡੇ ਬੱਦਲ ਦਾ ਟੋਟਾ ਆਇਆ ਤੇ ਉਸਨੇ ਅੰਪਾਇਰ ਸਟੇਟ ਬਿਲਡਿੰਗ ਦੇ ਲੱਕ ਨੂੰ ਜੱਫੀ ਪਾਕੇ ਜਿਵੇਂ ਚਹੁੰ ਪਾਸਿਆਂ ਤੋਂ ਘੁੱਟ ਲਿਆ। ਬਿਲਡਿੰਗ ਦੇ ਸਿਰੇ 'ਤੇ ਜਿਥੇ ਅਸੀਂ ਖੜੋਤੇ ਸਾਂ ਸੂਰਜ ਚਮਕ ਰਿਹਾ ਸੀ ਤੇ ਸਾਡੇ ਹੇਠਾਂ ਬੱਦਲ ਛਮ-ਛਮ ਵਰ੍ਹ ਰਿਹਾ ਸੀ। ਕੁਝ ਲੋਕ ਬਿਲਡਿੰਗ ਉੱਪਰ ਲੱਗੀਆਂ ਦੁਰਬੀਨਾਂ ਵਿਚ ਸਿੱਕਾ ਪਾ ਕੇ ਦੂਰ ਦੂਰ ਦੀਆਂ ਖ਼ੂਬਸੂਰਤ ਝਾਕੀਆਂ ਨੂੰ ਰੂਹ ਵਿਚ ਰਚਾ ਲੈਣਾ ਚਾਹੁੰਦੇ ਸਨ ਪਰ ਏਥੇ ਵੀ ਸਭ ਕਾਸੇ ਤੋਂ ਬੇਖ਼ਬਰ ਇਕ ਜੁਆਨ ਜੋੜੀ ਗਲਵਕੜੀ ਵਿਚ ਲਿਪਟੀ ਲੰਬੇ ਚੁੰਮਣਾਂ ਵਿਚ ਮਸਰੂਫ ਸੀ। ਮੈਨੂੰ ਛੋਟੇ ਹੁੰਦਿਆਂ ਕਿਸੇ ਫਿਲਮੀ ਰਸਾਲੇ ਵਿਚ ਪੜ੍ਹੇ ਸੁਆਲ ਦਾ ਚੇਤਾ ਆਇਆ ਜਿਸ ਵਿਚ ਪੁਛਿਆ ਗਿਆ ਸੀ, "ਚੁੰਮਣ ਦੇਣ ਵਾਲੇ ਨੂੰ ਜ਼ਿਆਦਾ ਸਵਾਦ ਆਉਂਦਾ ਹੈ ਕਿ ਚੁੰਮਣ ਲੈਣ ਵਾਲੇ ਨੂੰ ?" ਜੁਆਬ ਦੇਣ ਵਾਲੇ ਨੇ ਲਿਖਿਆ ਸੀ, "ਸਭ ਤੋਂ ਵੱਧ ਸਵਾਦ ਵੇਖਣ ਵਾਲੇ ਨੂੰ ਆਉਂਦਾ ਹੈ।"

ਮੈਂ ਮਨ ਵਿਚ ਵਿਸ਼ਲੇਸ਼ਣੀ ਝਾਤੀ ਮਾਰੀ। ਕੀ ਮੈਂ 'ਸਵਾਦ' ਲੈ ਰਿਹਾ ਸਾਂ!...ਨਹੀਂ...ਇਹ ਝਾਤੀ ਮੈਨੂੰ ਉਕਸਾਊ 'ਸਵਾਦ' ਦੇਣ ਦੀ ਥਾਂ 'ਸਕੂਨ' ਦੇ ਰਹੀ ਸੀ। ਸੜਦੀ ਤਪਦੀ ਧਰਤੀ ਉਪਰ ਭਰਪੂਰ ਮੀਂਹ ਪੈਣ ਪਿਛੋਂ ਜਿਵੇਂ ਧਰਤੀ ਰੱਜ ਜਾਂਦੀ ਹੈ। ਸਾਡੇ ਸਮਾਜ ਵਿਚ ਤਾਂ ਅਜਿਹੇ ਦ੍ਰਿਸ਼ ਭਾਵੇਂ 'ਅਸ਼ਲੀਲ' ਹੀ ਗਿਣੇ ਜਾਣਗੇ। ਉਂਜ ਸਾਡੀਆਂ ਰੂਹਾਂ ਵਿਚ ਰਹਿ ਗਈ ਅਤ੍ਰਿਪਤੀ ਉਮਰ ਭਰ ਕਲਪਨਾ ਵਿਚ ਭਟਕਦੀ ਰਹਿੰਦੀ ਹੈ ਤੇ ਅਸੀਂ ਬਾਹਰੋਂ



Sri Satguru Jagjit Singh Ji eLibrary NamdhariElibrary@gmail.com

ਸਭਿਆ ਹੋ ਕੇ ਵੀ ਅੰਦਰੋਂ ਅੰਦਰੀਂ ਅਸ਼ਲੀਲ ਦ੍ਰਿਸ਼ ਸਿਰਜਦੇ ਰਹਿੰਦੇ ਹਾਂ।

ਮੇਰੀ ਯਾਦ ਵਿਚ ਬਚਪਨ ਦਾ ਇਕ ਦ੍ਰਿਸ਼ ਲਿਸ਼ਕਿਆ। ਸਕੂਲ ਵਿਚ ਪੜ੍ਹਦੇ ਹੁੰਦੇ ਸਾਂ ਜਦੋਂ ਤਰਨਤਾਰਨ ਦੀ ਮੱਸਿਆ ਵੇਖਣ ਗਏ ਅਸੀਂ ਪਰਿਕਰਮਾ ਵਿਚ ਖੁਲ੍ਹਦੀਆਂ ਪੌੜੀਆਂ ਰਾਹੀਂ ਚੜ੍ਹਕੇ 'ਮੁਨਾਰੇ' ਦੇ ਸਿਖਰ ਪੁਜ ਗਏ। ਉਪਰਲੀ ਮੰਜ਼ਿਲ 'ਤੇ ਆਸੇ-ਪਾਸੇ ਘੁੰਮ ਰਹੇ ਸਾਂ। ਸਾਡੇ ਨਾਲ ਹੋਰਨਾਂ ਪਿੰਡਾਂ ਦੇ ਦੋ ਚਾਰ ਵੱਡੇ ਮੁੰਡੇ ਵੀ ਸਨ। ਉਹਨਾਂ ਵਿਚੋਂ ਇਕ ਦੋ ਕਾਲਜ ਵਿਚ ਪੜ੍ਹਦੇ ਸਨ। ਪਰਿਕਰਮਾ ਦੇ ਦੁਆਲੇ ਖੜ੍ਹੀਆਂ ਇਮਾਰਤਾਂ ਵਿਚੋਂ ਇਕ ਚੁਬਾਰੇ ਦੇ ਸਾਹਮਣੇ ਬਰਾਂਡੇ ਵਿਚ ਦੋ ਮੁਟਿਆਰਾਂ ਆਪਸ ਗੱਲਾਂ ਕਰ ਰਹੀਆਂ ਸਨ ਤੇ ਹੱਸਦੀਆਂ ਹੋਈਆਂ ਬਾਰ ਬਾਰ ਮੁਨਾਰੇ ਵੱਲ ਵੇਖ ਰਹੀਆਂ ਸਨ। ਕੁੜੀਆਂ ਨੂੰ ਆਪਣੇ ਵੱਲ ਵੇਖ ਕੇ ਹੱਸਣਾ ਨੌਜਵਾਨਾਂ ਨੂੰ ਹੁਲਾਰ ਗਿਆ ਸੀ। ਉਹ ਵੀ ਖੜੋ ਕੇ ਇਕ ਟੱਕ ਉਧਰ ਵੇਖਣ ਲਗੇ। ਹੋਣਾ ਕੀ ਸੀ, ਬਾਰ ਬਾਰ ਬਸ ਏਹੋ ਆਖਦੇ, "ਵੇਖ ਓਏ ਹੱਸਦੀਆਂ...!" ਫਿਰ ਉਹਨਾਂ ਵਿਚੋਂ ਇਕ ਮੁਟਿਆਰ ਉਠ ਕੇ ਚੁਬਾਰਿਓਂ ਹੇਠਾਂ ਉਤਰ ਗਈ ਤੇ ਦੂਜੀ ਮੰਜੇ ਉਤੇ ਲੱਤਾਂ ਲੰਮਿਆਰ ਕੇ ਪੈ ਗਈ। ਪਰ ਮੁੰਡੇ ਸਨ ਕਿ ਹੁਣ ਉਥੋਂ ਹਿੱਲਣ ਦਾ ਨਾ ਹੀ ਨਹੀਂ ਸਨ ਲੈ ਰਹੇ। ਆਖਰਕਾਰ ਕੁੜੀ ਨੇ ਲੰਮੇ ਪਿਆਂ ਪਿਆਂ ਆਪਣੀ ਇਕ ਲੱਤ ਉਪਰ ਉਠਾਈ। ਪੈਰ ਦੀਆਂ ਉਂਗਲਾਂ ਹੇਠਾਂ ਨੂੰ ਤੇ ਅੰਗੂਠਾ ਉਤਾਂਹ ਨੂੰ ਸਿੱਧਾ ਕਰਕੇ 'ਠੁੱਠ' ਵਿਖਾਇਆ, ਜਿਵੇਂ ਕਹਿ ਰਹੀ ਹੋਵੇ, "ਜਾਓ, ਹੁਣ ਏਥੇ ਖੜੋਤੇ ਮੁਤਰ ਮੁਤਰ ਵੇਖੀ ਹੀ ਜਾਓਗੇ।" ਉਹਦੇ ਪੈਰ ਦਾ ਅੰਗੂਠਾ ਉਠਿਆ ਵੇਖਕੇ ਮੁੰਡੇ ਖਿੜਖਿੜਾਕੇ ਹੱਸ ਪਏ ਤੇ ਆਪਣੇ ਹੱਥ ਦਾ ਅੰਗੂਠਾ ਉਸ ਵਲ ਲਹਿਰਾਇਆ।

ਕੁੜੀਆਂ ਮੁੰਡਿਆਂ ਦੀ ਆਪਸ ਵਿਚ ਨਾ ਮਿਲ ਸਕਣ ਵਾਲੀ ਦੂਰੀ ਸਦਕਾ ਪੈਦਾ ਹੋਈ ਅਤ੍ਰਿਪਤੀ ਹੀ ਸੀ ਜਿਸ ਕਰਕੇ ਇਹ ਦ੍ਰਿਸ਼ ਮੇਰੇ ਅਵਚੇਤਨ ਵਿਚ ਹੀ ਕਿਧਰੇ ਟਿਕ ਗਿਆ ਸੀ ਤੇ ਅੱਜ ਅਚਨਚੇਤ ਇਸ ਉਚਾਈ ਉੱਤੇ ਉਸ ਪ੍ਰੇਮੀ ਜੋੜੇ ਨੂੰ ਕਲੋਲ ਕਰਦਿਆਂ ਵੇਖ ਕੇ ਮੇਰੀ ਯਾਦ ਵਿਚ ਉੱਘੜ ਆਇਆ ਸੀ। ਉਹ ਕੁੜੀ ਬਰਾਂਡੇ ਵਿਚੋਂ ਉਠ ਕੇ ਮੁਨਾਰੇ ਉੱਪਰ ਆ ਗਈ ਸੀ। ਮੈਂ ਤ੍ਰਿਪਤ ਹੋ ਗਿਆ ਸਾਂ।

ਮੈਂ 'ਸ਼ਲੀਲਤਾ' ਤੇ 'ਅਸ਼ਲੀਲਤਾ' ਬਾਰੇ ਸੋਚਣ ਲੱਗਾ। ਸਾਡੇ ਸਭਿਆਚਾਰ ਵਿਚ ਅਸ਼ਲੀਲ ਗਿਣਿਆ ਜਾਣ ਵਾਲਾ ਇਹ ਦ੍ਰਿਸ਼ ਉਸ ਸਭਿਆਚਾਰ ਵਿਚ ਬੜਾ ਸਹਿਜ ਸੀ। ਗਲੇ ਲਿਪਟਣਾ, ਚੁੰਮਣ ਲੈਣਾ ਇੰਜ ਹੀ ਸੀ ਜਿਵੇਂ ਅਸੀਂ ਇਕ ਦੂਜੇ ਨਾਲ ਹੱਥ ਮਿਲਾਉਂਦੇ ਹਾਂ। ਅਜਿਹੇ ਜੋੜੇ ਮੁਹੱਬਤ ਦੇ ਆਲਮ ਵਿਚ ਬੇਖ਼ੁਦ ਹੁੰਦੇ। ਕੋਈ ਦੂਜਾ ਉਹਨਾਂ ਵੱਲ ਅੱਖ ਪੁੱਟ ਕੇ ਵੀ ਨਾ ਵੇਖਦਾ। ਜੇ ਸਾਡੇ ਵਰਗਾ ਚੋਰ-ਅੱਖੀਂ ਉਹਨਾਂ ਨੂੰ ਵੇਖਣ ਦੀ ਕੋਸ਼ਿਸ਼ ਕਰਦਾ ਤਾਂ ਉਸਨੂੰ ਖ਼ੁਦ ਆਪਣੇ ਆਪ 'ਤੇ ਸ਼ਰਮ ਆਉਂਦੀ ਕਿ ਚੋਰ-ਝਾਤੀ ਪਾਉਂਦਿਆਂ ਵੇਖ ਕੇ ਕੋਈ ਹੋਰ ਉਸਨੂੰ ਕੀ ਆਖੇਗਾ। ਉਥੇ ਚੋਰੀ ਵੇਖਣਾ ਅਸ਼ਲੀਲਤਾ ਗਿਣੀ ਜਾਵੇਗੀ।

ਫਰਾਂਸੀਸੀ ਨਾਟਕਕਾਰ ਮੌਲੀਏਰ ਦੇ ਇਕ ਨਾਟਕ ਵਿਚ ਪਾਦਰੀ ਕੋਲ ਇਕ ਜੁਆਨ ਔਰਤ ਝੁਕ ਕੇ ਮਿਲਣ ਲੱਗਦੀ ਹੈ ਤਾਂ ਉਹਦੇ ਨੀਵੇਂ ਗਲਮੇਂ ਵਿਚੋਂ ਉਭਰੀਆਂ ਨੰਗੀਆਂ ਛਾਤੀਆਂ ਤੇ ਝਾਤੀ ਪੈਂਦਿਆਂ ਹੀ ਪਾਦਰੀ ਨਫਰਤ ਨਾਲ ਮੂੰਹ ਪਾਸੇ ਮੋੜ ਕੇ ਆਪਣਾ ਰੁਮਾਲ ਉਸਨੂੰ ਫੜਾਉਂਦਿਆਂ ਹਦਾਇਤ ਦਿੰਦਾ ਹੈ ਕਿ ਉਹ ਔਰਤ ਜਾਵੇ ਤੇ ਆਪਣੀਆਂ ਛਾਤੀਆਂ ਢੱਕ ਕੇ ਲਿਆਵੇ। ਉਹ ਔਰਤ ਉਸਦਾ ਰੁਮਾਲ ਉਸਦੇ ਮੂੰਹ ਉਤੇ ਮਾਰ ਕੇ ਕੁਝ ਇਸ ਤਰ੍ਹਾਂ ਆਖਦੀ ਹੈ, "ਅਸ਼ਲੀਲਤਾ ਮੇਰੇ ਨੰਗੇਜ ਵਿਚ ਨਹੀਂ ਤੇਰੀਆਂ ਨਜ਼ਰਾਂ ਵਿਚ ਹੈ। ਤੂੰ ਮੇਰੇ ਸਾਹਮਣੇ ਅਲਫ ਨੰਗਾ ਵੀ ਹੋ ਜਾਵੇਂ ਮੈਨੂੰ ਕੋਈ ਪਰਵਾਹ ਨਹੀਂ ਕਿਉਂਕਿ ਮੇਰਾ ਮਨ 'ਤੇ ਕਾਬੂ ਹੈ। ਤੇਰੇ ਬੇਕਾਬੂ ਮਨ ਨੂੰ ਹੀ ਮੇਰਾਂ ਏਨਾਂ ਕੁ ਨੰਗੇਜ ਅਸ਼ਲੀਲ ਲੱਗਾ ਹੈ...।"

ਮਨ ਬੇਕਾਬੂ ਵੀ ਤਦ ਹੀ ਹੁੰਦਾ ਹੈ ਜਦੋਂ ਅਸੀਂ ਉਹਦੀਆਂ ਵਾਗਾਂ ਲੋੜੋਂ ਵਧੇਰੇ ਕੱਸ ਕੇ ਰੱਖਦੇ ਹਾਂ ਤੇ ਉਹ ਇੱਕੋ ਥਾਂ ਪੌੜ ਮਾਰ ਮਾਰ ਕੇ ਧਰਤੀ ਪੁੱਟਦਾ ਰਹਿੰਦਾ ਹੈ ਤੇ ਮੂੰਹੋਂ ਝੱਗ ਸੁੱਟਦਾ ਹੈ। ਪਰ ਜੇ ਇਕ ਦਮ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਜਾਣ ਤਾਂ ਉਹ ਸਰਪਟ ਅੰਨ੍ਹੀ ਦੌੜ ਨਾਲ ਹਾਦਸਾ-ਗ੍ਰਸਤ ਵੀ ਹੋ ਸਕਦਾ ਹੈ ਤੇ ਹੋਰਨਾਂ ਨੂੰ ਉਸ ਹਾਦਸੇ ਦੀ ਲਪੇਟ ਵਿਚ ਵੀ ਲੈ ਸਕਦਾ ਹੈ। ਅਸੀਂ ਜੋ ਆਪਣੇ ਮੁਲਕ ਵਿਚ ਕਾਮ ਨੂੰ 'ਖਿੱਚਕੇ' ਰੱਖਿਆ ਹੋਇਆ ਹੈ ਤਾਂ ਉਹ ਹਰ ਸਮੇਂ 'ਰੱਸੇ ਤੁੜਾਉਣ' ਲਈ ਕਾਹਲਾ ਰਹਿੰਦਾ ਹੈ ਪਰ ਇਹਨਾਂ ਮੁਲਕਾਂ ਵਿਚ 'ਰੱਸੇ ਖੁੱਲ੍ਹੇ' ਹੋਣ ਕਰਕੇ ਉਹ ਫ਼ਸਲਾਂ ਮਿੱਧਦਾ ਭੰਨ ਤੋੜ ਕਰਦਾ ਜ਼ਖਮੀ ਹੋ-ਹਵਾ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

ਨਿਰਸੰਦੇਹ ਮੇਰੇ ਬੰਧੇਜ ਵਿਚ ਜਕੜੇ ਮਨ ਨੂੰ ਇਹ 'ਖੁੱਲ੍ਹ' ਚੰਗੀ ਲੱਗ ਰਹੀ ਸੀ ਪਰ ਜਦੋਂ ਮੈਂ ਇਸ 'ਖੁੱਲ੍ਹ' ਉੱਪਰ ਦੂਰ ਤੱਕ ਝਾਤੀ ਮਾਰੀ ਤਾਂ ਮੈਨੂੰ ਪੱਛਮੀ ਮੁਲਕਾਂ ਵਿਚ ਸਕੂਲ ਪੜ੍ਹਦੀਆਂ ਛੋਟੀਆਂ ਛੋਟੀਆਂ ਅਣਵਿਆਹੀਆਂ ਕੁੜੀਆਂ ਦੇ ਮਾਵਾਂ ਬਣਨ ਦਾ ਖ਼ਿਆਲ ਆਇਆ, ਟੁੱਟਦੇ ਪਰਿਵਾਰ ਤੇ ਟੁੱਟਦੇ ਸਮਾਜਿਕ-ਸਭਿਆਚਾਰਕ ਨੇਮਾਂ ਬਾਰੇ ਚਿੰਤਾ ਹੋਣ ਲੱਗੀ। 'ਸ਼ਲੀਲਤਾ-ਅਸ਼ਲੀਲਤਾ' ਦੇ ਰੱਸੇ ਉੱਪਰ ਤੁਰਦਾ ਮੈਂ ਇਕ ਸੰਤੁਲਨ ਲੱਭਣ ਦਾ ਯਤਨ ਕਰ ਰਿਹਾ ਸਾਂ—ਪਰ ਗੱਲ ਕਿਸੇ ਪਾਸੇ ਨਹੀਂ ਸੀ ਲੱਗ ਰਹੀ।

ਮੈਂ ਬੁੱਧ ਵਾਂਗ ਕੋਈ 'ਮੱਧ-ਮਾਰਗ' ਤਲਾਸ਼ ਕਰ ਰਿਹਾ ਸਾਂ ਜਦੋਂ ਗੁਰਚਰਨ ਨੇ ਮੈਨੂੰ ਹਲੂਣ ਕੇ ਆਖਿਆ, "ਕਿਹੜੀਆਂ ਲੰਮੀਆਂ ਸੋਚਾਂ 'ਚ ਪੈ ਗਏ। ਆਓ ਚੱਲੀਏ।"

ਮੈਨੂੰ ਲੱਗਾ 'ਸ਼ਲੀਲਤਾ-ਅਸ਼ਲੀਲਤਾ' ਦੀਆਂ ਇਹ ਸੋਚਾਂ ਸਚਮੁੱਚ ਕਾਫ਼ੀ ਲੰਮੀਆਂ ਹਨ ਤੇ ਇਹਨਾਂ ਦੇ ਸਿਰੇ 'ਤੇ ਪਹੁੰਚਣਾ ਏਡਾ ਸੌਖਾ ਕੰਮ ਨਹੀਂ।

## ਅਗਲੇ ਸ਼ਹਿਰ ਤਿਆਰੀ

ਚਹੁੰ ਪਾਸਿਆਂ ਤੋਂ ਮੇਰੀਆਂ ਤਣਾਵਾਂ ਖਿੱਚੀਆਂ ਜਾ ਰਹੀਆਂ ਸਨ। ਇੰਗਲੈਂਡ ਤੋਂ ਜਸਪਾਲ ਦੇ ਵੀਹ ਫੋਨ ਆ ਚੁੱਕੇ ਸਨ। ਮੈਂ ਉਸਨੂੰ ਪਹਿਲਾਂ ਹੀ ਕਹਿ ਚੁੱਕਾ ਸਾਂ ਕਿ ਮੇਰਾ ਨਿਊਯਾਰਕ ਤੋਂ ਅੱਗੇ ਕਿਧਰੇ ਜਾਣ ਦਾ ਕੋਈ ਇਰਾਦਾ ਨਹੀਂ। ਮੇਰਾ ਸਾਥ ਮਾਣਨ ਲਈ ਉਹ ਦੋਵੇਂ ਜੀਅ ਪਹਿਲੀ ਅਗਸਤ ਤੋਂ ਦੋ ਹਫ਼ਤੇ ਦੀ ਛੁੱਟੀ ਲੈ ਰਹੇ ਸਨ। ਇਧਰ ਗੁਰਚਰਨ ਤੋਂ ਪਤਾ ਚੱਲਣ 'ਤੇ ਕੈਲੇਫੋਰਨੀਆਂ ਰਹਿੰਦੇ ਮੇਰੇ ਤਿੰਨ ਮੁਹੱਬਤੀ ਮਿੱਤਰ ਬਾਹਵਾਂ ਉਲਾਰ ਉਲਾਰ ਕੇ ਮੈਨੂੰ ਬੁਲਾ ਰਹੇ ਸਨ। ਇਕ ਪਾਸੇ ਸਾਨਫਰਾਂਸਿਸਕੋ ਵਿਚ ਮੇਰਾ ਗਿਰਾਈਂ ਤੇ ਰਿਸ਼ਤੇਦਾਰ ਗੁਰਬਚਨ ਸੀ ਤੇ ਦੂਜੇ ਪਾਸੇ ਬੇਕਰਜ਼ਫੀਲਡ ਵਿਚ ਰਹਿੰਦਾ ਮੇਰਾ ਬਚਪਨ ਦਾ ਜਮਾਤੀ ਤੇ ਗਿਰਾਈਂ ਜਗਦੀਸ਼। ਇਹਨਾਂ ਦੋਹਵਾਂ ਦੇ ਵਿਚਕਾਰ ਫਰੇਜ਼ਨੋਂ ਵਿਚ ਵੱਸਦਾ ਸੀ ਨਿੰਦੀ ਸੰਧੂ—ਮੇਰਾ ਪੁਰਾਣਾ ਸਾਹਿਤਕ ਮਿੱਤਰ। ਜਗਦੀਸ਼ ਕਹਿੰਦਾ ਸੀ, "ਪਹਿਲਾਂ ਮੇਰੇ ਕੋਲ ਆ ਮੈਂ ਤੇਰੀ ਟਿਕਟ ਬੁੱਕ ਕਰਾ ਦਿੰਦਾਂ—ਫਿਰ ਮੈਂ ਤੈਨੂੰ ਗੁਰਬਚਨ ਕੋਲ ਲੈ ਜੂੰ...।" ਗੁਰਬਚਨ ਕਹਿੰਦਾ ਸੀ, "ਭਾ ਜੀ! ਮੇਰੇ ਕੋਲ ਆਵੋ—ਮੈਂ ਤੁਹਾਨੂੰ ਨਿੰਦੀ ਕੋਲ ਛੱਡ ਆਊਂ ਤੇ ਉਥੋਂ ਜਗਦੀਸ਼ ਤੁਹਾਨੂੰ ਲੈ ਜਾਊ...।" ਨਿੰਦੀ ਕਹਿ ਰਿਹਾ ਸੀ, "ਜਿਹੜੇ ਰਾਹ ਮਰਜ਼ੀ ਆ...ਤੇਰੇ ਸਭ ਰਾਹ ਮੇਰੇ ਦਿਲ 'ਚੋਂ ਗੁਜ਼ਰਦੇ ਨੇ...ਟਿਕਟਾਂ ਛਿਕਟਾਂ ਦੀ ਫਿਕਰ ਨਾ ਕਰੀਂ।"

ਏਨਾ ਪਿਆਰ! ਏਨੀ ਖਿੱਚ!! ਕੋਈ ਕਿਵੇਂ ਪ੍ਰਭਾਵਿਤ ਹੋਏ ਬਿਨਾਂ ਰਹਿ ਸਕਦਾ ਸੀ। ਪਰ ਉਧਰੋਂ ਜਸਪਾਲ ਦੀਆਂ ਛੁੱਟੀਆਂ ਮੁੱਕ ਜਾਣੀਆਂ ਸਨ ਅਤੇ ਵਾਪਸੀ ਉਡਾਣ 'ਸ਼ਿਕਾਗੋ' ਤੋਂ ਹੀ ਭਰਨ ਦਾ ਪੰਗਾ ਵੀ ਸੀ।

'ਸੇਵਨਟੀਫੋਰ' ਮਾਰਕੀਟ ਦਾ ਚੱਕਰ ਲਗਾ ਰਹੇ ਸਾਂ ਕਿ ਗੁਰਚਰਨ ਇਕ ਟਰੈਵਲ ਏਜੰਸੀ ਦੇ ਦਫ਼ਤਰ ਦੇ ਬੂਹੇ ਅੱਗੇ ਜਾ ਖੜੋਤਾ। ਉਸਦੇ ਜਾਣੂ 'ਗਾਂਧੀ' ਨੇ ਬੈਠੇ ਬਿਠਾਏ ਰੀਮੋਟ ਨਾਲ ਦਰਵਾਜ਼ਾ ਖੋਲ੍ਹ ਦਿੱਤਾ। ਸ਼ੁਭ ਇਛਾਵਾਂ ਦੇ ਵਟਾਂਦਰੇ ਤੋਂ ਪਿੱਛੋਂ ਗੁਰਚਰਨ ਸਾਹਮਣੇ ਬੈਠੀ ਸੁਹੱਪਣ ਅਤੇ ਸਾਦਗੀ ਦੀ ਮੂਰਤ ਔਰਤ ਨੂੰ ਸੰਬੋਧਿਤ ਹੋਇਆ, "ਮੈਡਮ, ਐਹ ਭਾ ਜੀ ਦੀ ਟਿਕਟ ਵੇਖੋ...ਇਹਨਾਂ ਦੀ ਵਾਪਸੀ ਫਲਾਈਟ ਨਿਊਯਾਰਕ ਤੋਂ ਨਹੀਂ ਹੋ ਸਕਦੀ!"

ਬੜੇ ਹੀ ਸਹਿਜ ਨਾਲ ਬੋਲਣ ਤੇ ਵਿਚਰਨ ਵਾਲੀ ਉਸ ਔਰਤ ਨੇ ਮੇਰੀ ਟਿਕਟ ਵੇਖੀ ਤੇ ਬੜੀ ਹੀ ਮਿੱਠੀ ਪੰਜਾਬੀ ਵਿਚ ਬੜੇ ਯਕੀਨ ਨਾਲ ਕਿਹਾ, "ਤੁਸੀਂ ਏਅਰ ਇੰਡੀਆਂ ਦੇ ਦਫ਼ਤਰ ਜਾਓ ..ਇਹਨਾਂ ਦੀ ਵਾਪਸੀ ਫਲਾਈਟ ਨਿਊਯਾਰਕ ਤੋਂ ਹੀ ਹੋ ਸਕਦੀ ਹੈ, ਇਹਨਾਂ ਨੂੰ ਸ਼ਿਕਾਗੋ ਪਰਤਣ ਦੀ ਲੋੜ ਨਹੀਂ।"

ਫਿਰ ਗੁਰਚਰਨ ਨੇ ਉਸ ਤੋਂ ਲਾਸ ਏਂਜਲਸ ਤੇ ਸਾਨਫਰਾਂਸਿਸਕੋ ਦਾ ਕਿਰਾਇਆ ਪੁਛਿਆ। ਉਸ ਨੇ ਦਸਿਆ ਕਿ ਜੇ ਅਸੀਂ ਹਫ਼ਤੇ ਕੁ ਤਕ ਜਾਣਾ ਹੋਵੇ ਤਾਂ ਤਿੰਨ-ਸਾਢੇ ਤਿੰਨ ਸੌ ਡਾਲਰ...ਤੇ ਜੇ ਅੱਜ ਜਾਂ ਕਲ੍ਹ ਜਾਣਾ ਹੋਵੇ ਤਾਂ ਨੌਂ ਸੌ ਡਾਲਰ। ਮੈਂ ਏਨੇ ਫਰਕ ਦਾ ਕਾਰਨ ਪੁਛਿਆ ਤਾਂ ਉਹ ਮਿੱਠਾ ਜਿਹਾ ਮੁਸਕ੍ਰਾਈ, "ਏਥੇ ਸਭ ਲੋੜ ਦਾ ਮੁੱਲ ਹੈ।"

"ਤੁਸੀਂ ਸਾਡੇ ਲਈ ਕੋਈ ਸਸਤੀ ਟਿਕਟ ਵੇਖੋ... ਅਸੀਂ ਏਅਰ ਇੰਡੀਆ ਦੇ ਦਫ਼ਤਰੋਂ ਹੋਕੇ ਤੁਹਾਨੂੰ ਫੋਨ ਕਰਾਂਗੇ।"

ਏਅਰ ਇੰਡੀਆ ਵਾਲਿਆਂ ਨੂੰ ਮੇਰੀ ਵਾਪਸੀ ਸੀਟ ਨਿਊਯਾਰਕ ਤੋਂ ਹੀ ਪੱਕੀ ਕਰਨ ਵਿਚ ਕੋਈ ਉਜਰ ਨਹੀਂ ਨਹੀਂ ਸੀ। ਸਾਡੇ ਜਾਂਦਿਆਂ ਨੂੰ ਜਗਦੀਸ਼ ਸਿੰਘ ਤੇ ਤਾਰਾ ਸਿੰਘ ਅਨਜਾਣ ਵੀ ਉਥੇ ਬੈਠੇ ਸਨ ਤੇ ਉਹਨਾਂ ਨੇ ਆਪਣੇ



Sri Satguru Jagjit Singh Ji eLibrary NamdhariElibrary@gmail.com

ਪ੍ਰੋਗਰਾਮ ਅਨੁਸਾਰ ਇੰਗਲੈਂਡ ਵਾਪਸੀ ਦੀ ਸੀਟ ੫ ਅਗਸਤ ਦੀ ਬੁੱਕ ਕਰਵਾ ਲਈ ਸੀ। ਮੈਂ ਵੀ ੫ ਅਗਸਤ ਹੀ ਆਖ ਦਿਤਾ। ਮੇਰੇ ਮਨ ਵਿਚ ਸੀ ਕਿ ਸਾਰੇ ਪਿਆਰਿਆਂ ਨੂੰ ਇਕ-ਇਕ ਦਿਨ ਲਈ ਮਿਲ ਕੇ ੫ ਅਗਸਤ ਰਾਤ ਨੂੰ ਇਥੋਂ ਇੰਗਲੈਂਡ ਨੂੰ ਉੱਡ ਜਾਵਾਂਗਾ।

ਘਰ ਆ ਕੇ ਮੈਂ ਐਟਲਸ 'ਤੇ ਝਾਤੀ ਮਾਰੀ। ਨਿਊਯਾਰਕ ਅਮਰੀਕਾ ਦੇ ਐਨ ਪੂਰਬੀ ਤੱਟ ਉਤੇ ਅਤੇ ਲਾਸ ਏਂਜਲਸ ਤੇ ਸਾਂਨਫਰਾਂਸਿਸਕੋ ਪੱਛਮੀ ਤੱਟ ਉੱਪਰ ਸਨ। ਸਾਂਨਫਰਾਂਸਿਸਕੋ ਤੋਂ ਥੋੜ੍ਹਾ ਉੱਪਰ ਕੈਨੇਡਾ ਦੀ ਹੱਦ 'ਤੇ ਨਾਲ ਹੀ ਵੈਨਕੂਵਰ ਸੀ। ਮੈਨੂੰ ਸਾਧੂ ਸਿੰਘ ਯਾਦ ਆਇਆ।

"ਯਾਰ ਗੁਰਚਰਨ, ਕੈਨੇਡਾ ਨਹੀਂ ਜਾਇਆ ਜਾ ਸਕਦਾ!" ਮੈਂ ਹਸਰਤ ਨਾਲ ਕਿਹਾ।

"ਮੈਂ ਤਾਂ ਸੌ ਵਾਰੀ ਆਖਿਐ ਜਾ ਸਕਦੇ ਹੋ, ਪਰ ਤੁਸੀਂ ਤਾਂ ਸਿੰਗਲ ਐਂਟਰੀ ਤੋਂ ਹੀ ਡਰੀ ਜਾਂਦੇ ਹੋ। ਫਿਕਰ ਨਾ ਕਰੋ, ਮੈਂ ਤੁਹਾਨੂੰ ਗਰੰਟੀ ਦਿੰਦਾ ਹਾਂ।"

ਪਰ ਪੱਕੀ 'ਗਾਰੰਟੀ' ਲੈਣ ਲਈ ਅਸੀਂ ਨਿਊਯਾਰਕ ਸਥਿਤ ਅਮਰੀਕਨ ਅੰਬੈਸੀ ਜਾਣ ਦਾ ਇਰਾਦਾ ਬਣਾਇਆ। ਕਾਰ ਵਿਚ ਬੈਠੇ ਮੈਂ ਐਟਲਸ 'ਤੇ ਵਾਹੇ ਨਕਸ਼ਿਆਂ ਉਪਰ ਵਖ ਵਖ ਸ਼ਹਿਰਾਂ ਦੀ ਨਿਸ਼ਾਨਦੇਹੀ ਕਰ ਰਿਹਾ ਸਾਂ ਅਤੇ ਉਹਨਾਂ ਦੇ ਫਾਸਲਿਆਂ ਦਾ ਕਿਲੋਮੀਟਰਾਂ ਵਿਚ ਅਨੁਮਾਨ ਲਾ ਰਿਹਾ ਸਾਂ। ਮੈਨੂੰ ਇਕ ਲਤੀਫ਼ਾ ਯਾਦ ਆ ਗਿਆ—

ਕਿਸੇ ਆਦਮੀ ਨੂੰ ਹਰੇਕ ਥਾਂ ਅਤੇ ਹਰੇਕ ਮਹੱਤਵ-ਪੂਰਨ ਘਟਨਾ ਸਮੇਂ ਉਥੇ ਹਾਜ਼ਰ ਹੋਣ ਦੀ ਸ਼ੇਖ਼ੀ ਮਾਰਨ ਦੀ ਆਦਤ ਸੀ। ਮਸਲਨ ਜੇ ਕੋਈ ਆਖਦਾ ਕਿ ਜਦੋਂ ਮਹਾਤਮਾ ਗਾਂਧੀ ਦੇ ਗੋਲੀ ਲੱਗੀ ਤਾਂ ਉਹ 'ਹਾਇ ਰਾਮ' ਕਹਿਕੇ ਧਰਤੀ ਤੇ ਡਿਗਾ ਤਾਂ ਉਹ ਆਦਮੀ ਆਖਦਾ, "ਹਾਂ, ਬਿਲਕੁਲ ਠੀਕ...ਮੈਂ ਉਦੋਂ ਨੱਥੂ ਰਾਮ ਗੋਡਸੇ ਦੇ ਪਿੱਛੇ ਖੜੋਤਾ ਸਾਂ।" ਜਾਂ ਜੇ ਕੋਈ ਜ਼ਿਕਰ ਕਰਦਾ ਕਿ ਦਲੀਪ ਕੁਮਾਰ ਨੇ ਮਧੂਬਾਲਾ ਦੇ ਚਪੇੜ ਮਾਰੀ ਸੀ, ਤਾਂ ਉਹ ਆਖਦਾ, "ਆਹੋ! ਮੈਂ ਉਦੋਂ ਕੁਦਰਤੀ ਬੰਬਈ ਗਿਆ ਹੋਇਆ ਸਾਂ...ਤੇ ਉਸ ਦਿਨ ਕਿਸੇ ਜਾਣ-ਪਛਾਣ ਵਾਲੇ ਫਿਲਮੀ ਐਕਟਰ ਨਾਲ ਸ਼ੂਟਿੰਗ ਵੇਖਣ ਗਿਆ ਹੋਇਆ ਸਾਂ। ਜਦੋਂ ਮਧੂਬਾਲਾ 'ਆਲੇ-ਦੁਆਲੇ' ਫਿਰਨੋਂ ਹੀ ਨਾ ਹਟੇ ਤਾਂ ਦਲੀਪ ਕੁਮਾਰ ਨੇ ਮੇਰੇ ਸਾਹਮਣੇ ਉਹਨੂੰ ਵੱਟ ਕੇ ਚਪੇੜ ਮਾਰੀ।" ...ਤੇ ਜੇ ਕਿਧਰੇ ਸ਼ਿਮਲਾ ਸਮਝੌਤੇ ਦਾ ਜ਼ਿਕਰ ਛਿੜਦਾ ਤਾਂ ਉਹ ਆਖਦਾ, "ਆਹੋ! ਉਦੋਂ ਬੇਨਜ਼ੀਰ ਭੁੱਟੋ ਅਜੇ ਕੁੜੀ ਜਿਹੀ ਸੀ ਤੇ ਮੈਂ ਸ਼ਿਮਲੇ ਦੀ ਮਾਲ 'ਤੇ ਘੁੰਮਦਿਆਂ ਉਸ ਨੂੰ 'ਹੈਲੋ' ਆਖਿਆ ਤਾਂ ਉਹ ਮੁਸਕਰਾਕੇ ਸ਼ਰਮਾ ਗਈ।"

ਕਿਸੇ ਨੇ ਉਹਦੇ ਗਪੌੜ ਸੁਣ ਕੇ ਇਕ ਦਿਨ ਮਜ਼ਾਕ ਕੀਤਾ, "ਯਾਰ, ਤੇਰੀ ਤਾਰੀਖ-ਜੁਗਰਾਫ਼ੀਏ ਦੀ ਬੜੀ ਜਾਣਕਾਰੀ ਹੈ!"

ਉਹ ਅੱਗੋਂ ਮਾਣ ਨਾਲ ਹਿੱਕ ਫੁਲਾ ਕੇ ਕਹਿੰਦਾ, "ਹੋਵੇ ਕਿਉਂ ਨਾ, ਸਰਦਾਰ ਜੀ ਮੈਂ ਦੋ ਸਾਲ ਜੁਗਰਾਫ਼ੀਏ 'ਚ ਵੀ ਰਹਿੰਦਾ ਰਿਹਾ ਹਾਂ...ਤੇ ਉਹਦੀ ਗਲੀ ਗਲੀ ਨੂੰ ਜਾਣਦਾਂ।"

ਐਟਲਸ 'ਤੇ ਵਸੇ ਨਕਸ਼ਿਆਂ ਦੀਆਂ ਲਕੀਰਾਂ 'ਤੇ ਉਂਗਲ ਫੇਰਦਿਆਂ ਮੈਂ ਇਹ ਲਤੀਫ਼ਾ ਸੁਣਾ ਕੇ ਗੁਰਚਰਨ ਨੂੰ ਆਖਿਆ, "ਮੈਂ ਵੀ ਜੁਗਰਾਫੀਏ 'ਚ ਦੋ ਸਾਲ ਰਹਿੰਦਾ ਰਿਹਾਂ ...!"

ਅਸਲ ਵਿਚ ਮੈਂ ਜੁਗਰਾਫੀਏ ਦੀ ਆਪਣੀ ਅਲਪ ਜਾਣਕਾਰੀ ਦਾ ਮਖੌਲ ਉਡਾ ਰਿਹਾ ਸਾਂ। ਦੇਸ ਤੋਂ ਤੁਰਨ ਸਮੇਂ ਮੇਰੇ ਮਨ ਵਿਚ ਗੁਰਬਚਨ ਤੇ ਨਿੰਦੀ ਹੁਰਾਂ ਨੂੰ ਮਿਲਣ ਦਾ ਧੁੰਦਲਾ ਜਿਹਾ ਖਿਆਲ ਤਾਂ ਸੀ, ਪਰ ਮੈਨੂੰ ਏਨਾ ਨਹੀਂ ਸੀ ਪਤਾ ਕਿ ਏਥੇ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤਕ ਦਾ ਫ਼ਾਸਲਾ ਅੰਮ੍ਰਿਤਸਰ ਤੋਂ ਲੁਧਿਆਣੇ ਜਾਂ ਚੰਡੀਗੜ੍ਹ ਜਿੰਨਾ ਹੀ ਨਹੀਂ, ਹਜ਼ਾਰਾਂ ਮੀਲਾਂ ਤਕ ਦਾ ਸੀ ਤੇ ਹਜ਼ਾਰਾਂ ਰੁਪੈ ਕਿਰਾਇਆ ਲਗਦਾ ਸੀ ਹਵਾਈ ਜਹਾਜ਼ ਦਾ। ਪਰ ਮੈਂ ਹੁਣ ਸੋਚ ਲਿਆ ਸੀ ਕਿ ਕੈਲੇਫੋਰਨੀਆ ਵੀ ਜਾਵਾਂਗਾ ਤੇ ਕੈਨੇਡਾ ਵਿਚ ਸਾਧੂ ਸਿੰਘ ਕੋਲ ਵੀ। ਸਾਂਨਫਰਾਂਸਿਸਕੋ ਪਹੁੰਚਕੇ ਵੈਨਕੂਵਰ ਨਾ ਜਾਣਾ ਮੈਨੂੰ ਗਵਾਰਾ ਨਹੀਂ ਸੀ। ਬਸ ਕੈਨੇਡਾ ਜਾ ਕੇ ਅਮਰੀਕਾ ਵਾਪਸੀ ਦੀ ਪੁਸ਼ਟੀ ਹੋ ਜਾਵੇ ਸਹੀ।

ਅਮਰੀਕਨ ਅੰਬੈਸੀ ਵਿਚ ਪਹੁੰਚਕੇ ਅਸੀਂ ਲਾਈਨ ਵਿਚ ਜਾ ਲੱਗੇ ਤੇ ਵਾਰੀ ਆਉਣ 'ਤੇ ਜਦੋਂ ਮੈਂ ਕਾਊਂਟਰ ਤੇ ਬੈਠੀ ਔਰਤ ਨੂੰ ਪੁਛਿਆ, "ਮੇਰੇ ਕੋਲ ਅਮਰੀਕਾ ਦਾ ਸਿੰਗਲ ਐਂਟਰੀ ਵੀਜ਼ਾ ਹੈ। ਕੀ ਮੈਂ ਕੈਨੇਡਾ ਤੋਂ ਹੋ ਕੇ ਵਾਪਸ ਅਮਰੀਕਾ ਆ ਸਕਦਾ ਹਾਂ?"

ਉਸਨੂੰ ਇਸ ਬਾਰੇ ਕੁਝ ਵੀ ਗਿਆਨ ਨਹੀਂ ਸੀ 'ਸੁਣਾ ਹੁਣ' ਮੈਂ ਪ੍ਰਸ਼ਨ ਕਰਦੀਆਂ ਨਜ਼ਰਾਂ ਨਾਲ ਗੁਰਚਰਨ



Sri Satguru Jagjit Singh Ji eLibrary NamdhariElibrary@gmail.com

ਵੱਲ ਵੇਖਿਆ। ਏਨੇ ਚਿਰ ਨੂੰ ਉਸ ਔਰਤ ਨੇ ਨਾਲ ਦੇ ਕਾਉਂਟਰ 'ਤੇ ਬੈਠੇ ਸਹਿਕਰਮੀ ਨੂੰ ਇਸ ਬਾਰੇ ਪੁੱਛਿਆ ਤਾਂ ਉਸਨੇ ਕਿਹਾ, "ਕੈਨੇਡਾ ਤੇ ਮੈਕਸੀਕੋ ਦੋਹਾਂ ਮੁਲਕਾਂ 'ਚੋਂ ਸਿੰਗਲ ਐਂਟਰੀ ਵੀਜ਼ੇ ਵਾਲਾ ਯਾਤਰੀ ਅਮਰੀਕਾ ਵਾਪਸ ਪਰਤ ਸਕਦਾ ਹੈ ਪਰ ਤੀਹ ਦਿਨ ਦੇ ਅੰਦਰ ਅੰਦਰ...।"

"ਮੈਂ ਤਾਂ ਤੁਹਾਨੂੰ ਪਹਿਲਾਂ ਹੀ ਆਂਹਦਾ ਸਾਂ?" ਹੱਸਦਿਆਂ ਤੇ ਖੁਸ਼ ਹੁੰਦਿਆਂ ਗੁਰਚਰਨ ਨੇ ਮੇਰਾ ਹੱਥ ਘੁੱਟਿਆ। ਹੁਣ ਮੈਂ ਕੈਨੇਡਾ ਤੇ ਕੈਲੀਫੋਰਨੀਆਂ ਜਾਣ ਦਾ ਨਿਸਚਾ ਕਰ ਹੀ ਲਿਆ ਸੀ।

ਅਸੀਂ ਤੁਰਤ 'ਗਾਂਧੀ' ਦੇ ਦਫਤਰ ਪੁੱਜੇ ਅਤੇ ਅਗਲੇ ਦਿਨ ਪਹਿਲੀ ਅਗਸਤ ਨੂੰ ਸਾਂਨਫਰਾਂਸਿਸਕੋ ਦੀ ਸੀਟ ਬੁੱਕ ਕਰਨ ਲਈ ਕਿਹਾ। ਗੋਲ ਸਾਂਵਲੇ ਚਿਹਰੇ ਵਾਲੀ ਮੈਡਮ, ਜਿਸ ਨੇ ਸਿਰ ਦਾ ਸਿੱਧਾ ਚੀਰ ਕੱਢਿਆ ਹੋਇਆ ਸੀ ਤੇ ਕਰੀਮ ਰੰਗ ਦੀ ਸਾੜ੍ਹੀ ਵਿਚ ਸਾਦਾ ਹੁਸਨ ਦਾ ਮੁਜੱਸਮਾਂ ਲੱਗ ਰਹੀ ਸੀ ਲਿਪਸਟਿਕ ਰਹਿਤ ਸੋਹਣੇ ਬੁਲ੍ਹਾਂ ਵਿਚੋਂ ਸਾਨੂੰ 'ਜੀ ਆਇਆਂ' ਕਿਹਾ। ਫਿਰ ਉਹ ਕੁਰਸੀ ਤੋਂ ਉਠ ਕੇ ਪਿਛੇ ਕਿਸੇ ਕੰਮ ਗਈ ਤਾਂ ਗੁਰਚਰਨ ਮੈਨੂੰ ਹੌਲੀ ਜਿਹੀ ਕਹਿਣ ਲੱਗਾ, "ਭਾ ਜੀ ਹੁਣ ਤਾਂ ਕੁਝ ਉਮਰ ਢਲ ਗਈ ਹੈ।" ਦਸ ਬਾਰਾਂ ਸਾਲ ਪਹਿਲਾਂ ਕਿਤੇ ਵੇਖਦਿਓ ਮੈਡਮ ਨੂੰ। ਮੈਂ ਤਾਂ ਇਸਦਾ ਫੈਨ ਹਾਂ...।"

ਮੈਂ ਹੌਲੀ ਜਿਹੀ ਗੁਰਚਰਨ ਦੇ ਕੰਨ ਕੋਲ ਮੂੰਹ ਕੀਤਾ, "ਫੈਨ ਤਾਂ ਇਸਦਾ ਮੈਂ ਵੀ ਹਾਂ ..।"

ਮੈਂ ਤੇ ਗੁਰਚਰਨ ਹੱਥ ਤੇ ਹੱਥ ਮਾਰ ਕੇ ਗੁਪਤ ਹਾਸਾ ਹੱਸੇ।

ਮੈਡਮ ਫਿਰ ਕੁਰਸੀ 'ਤੇ ਆ ਕੇ ਬੈਠ ਗਈ ਸੀ। ਮੈਂ ਉਸ ਵੱਲ ਗਹੁ ਨਾਲ ਵੇਖ ਰਿਹਾ ਸਾਂ। ਇਹ ਹੁਸਨ ਦਾ ਉਹ ਰੂਪ ਸੀ ਜਿਸ ਵੱਲ ਵੇਖ ਕੇ ਕਿਸੇ ਕਿਸਮ ਦੀ ਉਤੇਜਨਾ ਨਹੀਂ ਹੁੰਦੀ ਸਗੋਂ ਮਨ ਉਤੇ ਇਕ ਠੰਢਕ ਜਿਹੀ ਦਾ ਪ੍ਰਭਾਵ ਪੈਂਦਾ ਹੈ। ਰੂਹ ਵਿਚ ਸ਼ਾਂਤੀ ਤੇ ਸਕੂਨ ਦਾ ਸੰਚਾਰ ਹੁੰਦਾ ਹੈ।

ਮੈਡਮ ਨੇ ਸਾਨਫਰਾਂਸਿਸਕੋ ਦੀ ਟਿਕਟ ਦੇ ਸਾਢੇ ਤਿੰਨ ਸੌ ਡਾਲਰ ਮੰਗੇ। ਗੁਰਚਰਨ ਪੈਸੇ ਕੱਢਣ ਲੱਗਾ ਤਾਂ ਮੈਂ ਰੋਕ ਦਿੱਤਾ,

"ਮਿਲਣ ਮੈਂ ਜਾ ਰਿਹਾਂ। ਪੈਸੇ ਵੀ ਮੈਂ ਖਰਚੂੰ...।"

ਅੱਜ ਇਕੱਤੀ ਜੁਲਾਈ ਸੀ ਤੇ ਕੱਲ੍ਹ ਸ਼ਾਮ ਪੰਜ ਵਜੇ ਮੇਰੀ ਫਲਾਈਟ ਸੀ। ਸ਼ਾਮ ਨੂੰ ਫੋਨ ਕਰਕੇ ਸਭ ਥਾਈਂ ਆਮਦ ਦੀ ਸੂਚਨਾ ਦੇ ਦਿੱਤੀ ਗਈ।

ਅਗਲੇ ਦਿਨ ਨਰਬੀਰ ਨੇ ਆਪਣਾ ਛੋਟਾ ਅਟੈਚੀ ਲੈ ਕੇ ਉਸ ਵਿਚ ਮੇਰੇ ਲੋੜੀਂਦੇ ਸਮਾਨ ਦੀ ਪੈਕਿੰਗ ਕਰਨੀ ਸ਼ੁਰੂ ਕਰ ਦਿੱਤੀ।

"ਚਾਚਾ ਜੀ! ਵੱਡਾ ਸੂਟਕੇਸ ਕਿਥੇ ਚੁਕੀ ਫਿਰੋਗੇ। ਇਹ ਅਟੈਚੀ ਵਾਹਵਾ ਹੈਂਡੀ ਜਿਹਾ ਹੈ।..."

ਉਸਨੇ ਆਪਣੇ ਕੋਲੋਂ ਪਾਊਡਰ, ਢਿਲੇ ਮੱਠੇ ਹੋ ਜਾਣ 'ਤੇ ਲੈਣ ਵਾਸਤੇ ਦਵਾਈ ਤੇ ਹੋਰ ਸਮਾਨ ਵੀ ਨਾਲ ਰੱਖ ਦਿੱਤਾ।

ਘਰੋਂ ਤੁਰਦਿਆਂ ਕਰਦਿਆਂ ਅਸੀਂ ਨਿਸਚਿਤ ਸਮੇਂ ਤੋਂ ਕੁਝ ਲੇਟ ਹੋ ਗਏ ਸਾਂ।

"ਭਾ ਜੀ! ਫਿਕਰ ਨਾ ਕਰੋ ਤੁਸੀ।...ਆਹ ਗਏ ਮਿੰਟਾਂ 'ਚ ਆਪਾਂ।" ਗੁਰਚਰਨ ਨੇ ਸੁਭਾ ਅਨੁਸਾਰ ਬੇਫਿਕਰ ਹੋ ਕੇ ਚੁਟਕੀ ਮਾਰੀ।

ਅਮਰੀਕਾ ਵਿਚ ਵੱਖ ਵੱਖ ਪ੍ਰਾਈਵੇਟ 'ਏਅਰ ਲਾਈਨਜ਼' ਹਨ ਤੇ ਹਰ ਇਕ ਦਾ ਵੱਖਰਾ ਹਵਾਈ ਅੱਡਾ। ਟਿਕਟਾਂ ਦਾ ਭਾੜਾ ਵੀ ਲੱਗੇ ਫੱਬੇ 'ਦਾਅ ਅਨੁਸਾਰ ਹੀ। ਉਸੇ ਹੀ ਜਹਾਜ਼ ਵਿਚ ਜਾਣ ਵਾਲਾ ਬੰਦਾ ਬਾਰਾਂ ਸੌ ਡਾਲਰ ਦੇ ਕੇ ਓਸੇ ਥਾਂ ਜਾ ਰਿਹਾ ਹੁੰਦਾ ਹੈ ਜਿਥੇ ਕੋਈ ਹੋਰ ਬੰਦਾ ਤਿੰਨ ਸੌ ਡਾਲਰ ਦੀ ਟਿਕਟ ਲੈਕੇ ਬੈਠਾ ਹੁੰਦਾ ਹੈ। ਇਹ ਫਰਕ ਸਿਰਫ ਦੇਰ ਸਵੇਰ ਨਾਲ ਜਾਂ ਪਹਿਲਾਂ ਜਾਂ ਪਿਛੋਂ ਜਾਣ ਦੇ ਹਿਸਾਬ ਨਾਲ ਹੀ ਹੁੰਦਾ ਹੈ।

ਗੁਰਚਰਨ ਤੇ ਗੁਰਦੇਵ ਪਹਿਲਵਾਨ ਮੈਨੂੰ ਲੈ ਕੇ 'ਟਾਵਰ ਏਅਰ ਲਾਈਨਜ਼' ਦੇ ਹਵਾਈ ਅੱਡੇ ਵੱਲ ਤੁਰ ਪਏ। ਕਾਰ ਚਲਾਉਂਦਿਆਂ ਗੁਰਚਰਨ 'ਮੈਡਮ' ਦੇ ਫੈਨ ਹੋਣ ਦੀ ਮੇਰੀ ਟਿੱਪਣੀ ਗੁਰਦੇਵ ਨੂੰ ਸੁਣਾ ਰਿਹਾ ਸੀ ਤੇ ਅਸੀਂ ਹੱਸ ਰਹੇ ਸਾਂ ਕਿ ਪਤਾ ਹੀ ਨਾ ਲੱਗਾ ਕਦੋਂ 'ਟਾਵਰ ਏਅਰ ਲਾਈਨਜ਼' ਤੋਂ ਅੱਗੇ ਲੰਘ ਗਏ। ਹੁਣ ਅਸੀਂ ਫ਼ਿਕਰਮੰਦੀ ਨਾਲ ਬਾਹਰ ਹਵਾਈ ਅੱਡਿਆਂ ਦੇ ਬੋਰਡ ਪੜ੍ਹ ਰਹੇ ਸਾਂ ਤੇ ਅੱਗੇ ਅੱਗੇ ਤੁਰੀ ਜਾ ਰਹੇ ਹਾਂ ਪਰ 'ਟਾਵਰ ਏਅਰ ਲਾਈਨਜ਼' ਤਾਂ ਪਿੱਛੇ ਛੁੱਟ ਗਿਆ ਸੀ।

ਥੱਕ ਹਾਰ ਕੇ ਕਾਰ ਰੋਕੀ ਤੇ ਕਿਸੇ ਤੋਂ ਪੁੱਛਿਆ। ਉਸਨੇ ਦੱਸਿਆ, "ਉਹ ਤਾਂ ਸ਼ਹਿਰ ਤੋਂ ਬਾਹਰ ਨਿਕਲਦਿਆਂ ਹੀ ਸੱਜੇ ਹੱਥ ਪਹਿਲਾ ਹਵਾਈ ਅੱਡਾ ਹੈ।"



Sri Satguru Jagjit Singh Ji eLibrary NamdhariElibrary@gmail.com

ਅੱਧਾ ਘੰਟਾ ਇੰਜ ਹੀ ਖ਼ਰਾਬ ਹੋ ਗਿਆ ਸੀ। ਕਾਰ ਪਿਛੇ ਨੂੰ ਮੋੜੀ ਤਾਂ ਮੈਂ ਅੰਦਰੋਂ ਲੇਟ ਹੋਣ ਦੀ ਫ਼ਿਕਰਮੰਦੀ ਨੂੰ ਦਬਾਉਂਦਿਆਂ ਹੱਸਣ ਦਾ ਯਤਨ ਕੀਤਾ।

"ਸਰਦਾਰ ਜੀ ਇੰਜ ਹੁਸਨ ਸੁਜਾਖਿਆਂ ਨੂੰ ਅੰਨ੍ਹਿਆਂ ਕਰ ਦਿੰਦਾ ਹੈ।"

ਕਾਰ ਪਾਰਕ ਕਰਕੇ ਅਟੈਚੀ ਚੁਕ ਕੇ ਛੇਤੀ ਛੇਤੀ ਚੈਕ-ਇਨ ਲਈ ਦੌੜੇ। ਕਾਊਂਟਰ ਤੇ ਪੁਜਾ ਤਾਂ ਕਾਊਂਟਰ ਵਾਲੀ ਬੀਬੀ ਨੇ ਕਿਹਾ, "ਅੱਜ ਤਾਂ ਇਕ ਅਗਸਤ ਹੈ ਅਤੇ ਤੁਹਾਡੀ ਟਿਕਟ ਤਾਂ ਦੋ ਅਗਸਤ ਦੀ ਕਨਫਰਮ ਹੈ। ਹਾਂ, ਤੁਸੀਂ ਅਜ ਹੀ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ Stand by ਰਹਿਣਾ ਪਵੇਗਾ। ਜੇ ਕੋਈ ਸੀਟ ਖਾਲੀ ਮਿਲ ਗਈ ਤਾਂ ਆਵਾਜ਼ ਦੀ ਉਡੀਕ ਰੱਖਿਓ ..।"

ਮੇਰੇ ਕੋਲ ਗਿਣਤੀ ਦੇ ਦਿਨ ਸਨ ਤੇ ਮੈਂ ਇਕ ਦਿਨ ਗਵਾਉਣਾ ਨਹੀਂ ਸਾਂ ਚਾਹੁੰਦਾ। ਉਂਝ ਵੀ ਤਿਆਰ ਹੋਇਆਂ ਨੂੰ ਰੁਕਣਾ ਔਖਾ ਲਗਦਾ ਹੈ।

"ਆਪਣੀ ਸੋਹਣੀ ਮੈਡਮ ਤਾਂ ਗੁਰਚਰਨ ਸਿਆਂ ਵਪਾਰਨ ਹੀ ਰਹੀ...ਧੋਖਾ ਕਰ ਗਈ ਸਾਡੇ ਨਾਲ...!" ਮੈਂ ਪਿਛੇ ਮੁੜ ਕੇ ਇਕ ਪਾਸੇ ਖੜੋਂਦਿਆਂ ਗੁਰਚਰਨ ਨੂੰ ਆਖਿਆ।

"ਅਸਲ 'ਚ ਆਪਾਂ ਵੀ ਕਿਹੜਾ ਟਿਕਟ ਨੂੰ ਧਿਆਨ ਨਾਲ ਵੇਖਿਆ। ਵੇਖਦੇ ਤਾਂ ਉਦੋਂ ਹੀ ਪਤਾ ਲਗ ਜਾਣਾ ਸੀ। ਹੋ ਸਕਦੈ ਉਹਨੂੰ ਭੁਲੇਖਾ ਲਗਾ ਹੋਵੇ।"

ਕੁਝ ਵੀ ਸੀ, ਮੈਂ ਪ੍ਰੇਸ਼ਾਨ ਹੋ ਗਿਆ ਸਾਂ। ਅਚਨਚੇਤ ਸਾਨੂੰ ਆਵਾਜ਼ ਪਈ। ਮੈਂ 'ਅਟੈਚੀ' ਲੈ ਕੇ ਕਾਊਂਟਰ ਤੇ ਪੁਜਾ ਤਾਂ ਕਾਲੇ ਰੰਗ ਵਾਲੀ ਲੰਮ-ਸੁਲੰਮੀ ਬੀਬੀ ਨੇ ਮੇਰੇ ਅਟੈਚੀ ਵੱਲ ਇਸ਼ਾਰਾ ਕਰਕੇ ਕਿਹਾ, "ਇਹਦੇ ਵਿਚ ਵ੍ਹਿਸਕੀ ਜਾਂ ਕੋਈ ਵੈਪਨ ਤਾਂ ਨਹੀਂ?"

"ਨਹੀਂ।"

"...ਕੋਈ ਰਿਵਾਲਵਰ ਵਗੈਰਾ ਜਾਂ ਕੋਈ ਹੋਰ ਹਥਿਆਰ?"

"ਬਿਲਕੁਲ ਨਹੀਂ।"

"...ਸ਼ਿਉਰ!"

"ਸ਼ਿਉਰ।"

ਫਿਰ ਉਸਨੇ ਪਾਸਪੋਰਟ ਉਤੇ ਮੇਰੇ ਵੇਰਵੇ ਪੜ੍ਹੇ, ਤੇ ਮੇਰੇ ਮੱਥੇ ਦੇ ਨਿਸ਼ਾਨ ਵਲ ਇਸ਼ਾਰਾ ਕਰਕੇ ਮੁਸਕਰਾ ਪਈ।

"ਮੱਥੇ ਉਤੇ ਕੱਟ ਦਾ ਨਿਸ਼ਾਨ?"

ਉਸ ਨੇ ਮੇਰਾ ਅਟੈਚੀ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਇਸਨੂੰ ਨਾਲ ਹੀ ਲੈ ਜਾਓ...ਇਥੋਂ ਗਿਆ ਸਮਾਨ ਜਹਾਜ਼ 'ਚ ਰੱਖਿਆ ਜਾ ਚੁੱਕੈ ..ਪੰਦਰਾਂ ਮਿੰਟ ਬਾਕੀ ਨੇ...ਦੌੜ ਕੇ ਹੋਵੋ।"

ਮੈਂ ਗੁਰਚਰਨ ਹੁਰਾਂ ਨੂੰ ਅਲਵਿਦਾ ਆਖੀ ਤੇ ਚੈਕਿੰਗ ਕਰਨ ਵਾਲੀ ਮਸ਼ੀਨ ਤੋਂ ਅਟੈਚੀ ਨੂੰ ਲੰਘਾ ਕੇ ਤੇਜ਼ ਕਦਮੀ ਸੰਬੰਧਤ ਗੇਟ ਵਲ ਤੁਰਿਆ। ਜਹਾਜ਼ ਦੇ ਬਾਹਰ ਹੀ ਜਹਾਜ਼ੀ ਕਰਮਚਾਰੀਆਂ ਨੇ ਮੇਰਾ ਅਟੈਚੀ ਰਖਵਾ ਲਿਆ।

"ਇਸਨੂੰ ਤੁਸੀਂ ਅੰਦਰ ਨਾਲ ਨਹੀਂ ਲਿਜਾ ਸਕਦੇ। ਸਲਿਪ ਲਿਖ ਦਿਓ...ਸਾਂਨਫਰਾਂਸਿਸਕੋ ਪਹੁੰਚਣ ਤੇ ਤੁਹਾਨੂੰ ਮਿਲ ਜਾਵੇਗਾ।"

ਉਹਨਾਂ ਉਥੇ ਪਏ ਇਸ ਤਰ੍ਹਾਂ ਰਖਵਾਏ ਸਮਾਨ ਦੇ ਢੇਰ ਕੋਲ ਮੇਰਾ ਅਟੈਚੀ ਰਖਵਾ ਲਿਆ। ਮੈਂ ਬੋਰਡਿੰਗ ਪਾਸ ਸਮੇਤ ਹਵਾਈ ਜਹਾਜ਼ ਅੰਦਰ ਦਾਖ਼ਲ ਹੋਇਆ।

ਪਿਛਲੇ ਸਾਰੇ ਘਟਨਾ-ਕ੍ਰਮ ਕਰਕੇ ਮੈਂ ਘਬਰਾਇਆ ਹੋਇਆ ਸਾਂ। ਮੇਰੀ ਘਬਰਾਹਟ ਦਾ ਇਕ ਕਾਰਨ ਇਹ ਵੀ ਸੀ ਕਿ ਮੈਂ ਜਹਾਜ਼ ਵਿਚ ਇਕੱਲਾ ਤੇ ਓਪਰਾ ਸਾਂ। ਇਸਤੋਂ ਪਹਿਲਾਂ ਪਿਛਲੇ ਸਾਰੇ ਸਫ਼ਰ ਵਿਚ ਕੋਈ ਨਾ ਕੋਈ ਮੇਰਾ ਸਾਥੀ ਸੀ। ਅਸੁਰੱਖਿਆ ਦੀ ਭਾਵਨਾ ਵਿਚ ਜਕੜਿਆਂ, ਜਹਾਜ਼ ਵਿਚ ਬੈਠੀਆਂ ਗੋਰੀਆਂ ਕਾਲੀਆਂ ਅਜਨਬੀ ਸਵਾਰੀਆਂ ਨੂੰ ਵੇਖ ਕੇ ਮੈਨੂੰ ਲੱਗਾ ਜਿਵੇਂ ਮੈਂ ਉਸ ਡਰਾਕਲ ਬੱਚੇ ਵਾਂਗ ਹਾਂ ਜਿਹੜਾ ਪਹਿਲੇ ਦਿਨ ਸਕੂਲ ਗਿਆ ਹੋਵੇ ਤੇ ਅੱਗੇ ਭਰੀ ਹੋਈ ਜਮਾਤ ਵੇਖ ਕੇ ਘਬਰਾ ਜਾਵੇ।

ਮੈਂ ਜਾ ਕੇ ਆਪਣੀ ਸੀਟ ਲੱਭੀ। ਇਹ ਵਿਚ-ਕਾਰਲੀਆਂ ਚਾਰ ਚਾਰ ਸੀਟਾਂ ਦੀ ਕਤਾਰ ਵਿਚ ਖੱਬਿਓਂ ਦੂਜੀ ਸੀਟ ਸੀ। ਪਹਿਲੀ ਸੀਟ ਉੱਪਰ ਕਾਲੇ ਕੱਪੜਿਆਂ ਵਾਲੀ ਗੋਰੀ ਮੁਟਿਆਰ ਬੈਠੀ ਸੀ। ਉਸਨੇ ਆਪਣਾ ਸਮਾਨ ਮੇਰੀ ਸੀਟ ਉਪਰ ਟਿਕਾਇਆ ਹੋਇਆ ਸੀ ਤੇ ਆਪ ਕੋਈ ਮੈਗਜ਼ੀਨ ਪੜ੍ਹਨ ਵਿਚ ਵਿਅਸਤ ਸੀ। ਮੇਰੇ ਆਖਣ 'ਤੇ ਉਸਨੇ ਸਮਾਨ ਚੁੱਕਿਆ। ਮੇਰੇ ਸੱਜੇ ਪਾਸੇ ਬੈਠੇ ਦੋ ਗੋਰੇ ਮਿੱਤਰਾਂ ਵਿਚੋਂ ਮੇਰੇ ਨਾਲ ਵਾਲਾ ਮੈਨੂੰ ਵੇਖ ਕੇ ਮੁਸਕਰਾਇਆ ਤੇ ਆਪਣੀ ਨਜ਼ਰ ਦੀ ਐਨਕ ਠੀਕ ਕਰਕੇ ਲਾਈ। ਮੈਂ ਵੀ ਉਸ ਨਾਲ ਮੁਸਕਰਾਹਟ ਦਾ ਵਟਾਂਦਰਾ ਕੀਤਾ ਤੇ ਇਕੱਲੇ ਅਤੇ ਅਜਨਬੀ ਹੋਣ ਦੀ ਘਬਰਾਹਟ ਉੱਤੇ ਕਾਬੂ ਪਾਉਣ ਦਾ



Sri Satguru Jagjit Singh Ji eLibrary NamdhariElibrary@gmail.com

ਯਤਨ ਕਰਨ ਲਈ ਸੀਟ ਨਾਲ ਢੋਹ ਲਾ ਲਈ।

ਕੁਝ ਮਿੰਟਾਂ ਬਾਦ ਹੀ ਜਹਾਜ਼ ਨੇ ਉਡਾਣ ਭਰ ਲਈ। ਮੈਨੂੰ ਇਹ ਵੀ ਫਿਕਰ ਸੀ ਕਿ ਮੇਰਾ ਅਟੈਚੀ ਇਸ ਫਲਾਈਟ 'ਤੇ ਪੁੱਜਣ ਨਹੀਂ ਲੱਗਾ। ਬਿਗਾਨੀ ਧਰਤੀ, ਬਿਗਾਨੇ ਲੋਕਾਂ 'ਚ ਪਹਿਲੀ ਵਾਰ ਮੈਂ ਏਨਾ ਇਕੱਲਾ ਮਹਿਸੂਸ ਕਰ ਰਿਹਾ ਸਾਂ! ਮੈਂ ਡੌਰ ਭੌਰ ਹੋਇਆ ਜਹਾਜ਼ ਦੀਆਂ ਸਵਾਰੀਆਂ ਵੱਲ ਵੇਖ ਰਿਹਾ ਸਾ। ਅਚਨਚੇਤ ਮੇਰੀਆ ਅੱਖਾਂ ਲਿਸ਼ਕਾਰੇ ਨਾਲ ਚੁੰਧਿਆ ਗਈਆਂ ਤੇ ਮੇਰੇ ਅੰਦਰਲੀ ਘਬਰਾਹਟ ਉੱਡ ਗਈ। ਚਾਰ ਕੁ ਸੀਟਾਂ ਛੱਡ ਕੇ ਉਨਾਭੀ ਪੱਗ ਵਾਲਾ ਇਕ ਸਰਦਾਰ ਬੈਠਾ ਹੋਇਆ ਸੀ। ਉਸਨੇ ਵੀ ਇਕ ਵਾਰ ਪਿਛੇ ਝਾਕ ਕੇ ਮੈਨੂੰ ਵੇਖਿਆ ਤੇ ਫਿਰ ਸਿੱਧਾ ਤੱਕਣ ਲੱਗ ਪਿਆ। ਮੈਨੂੰ 'ਪ੍ਰੇਮੀ ਦੇ ਨਿਆਣੇ' ਵਾਂਗ ਉਸਦਾ ਆਸਰਾ ਹੋ ਗਿਆ। ਸੋਚਿਆ ਕੋਈ ਸਮੱਸਿਆ ਹੋਵੇਗੀ ਤਾਂ ਆਪਣਾ 'ਸਿੱਖ ਭਰਾ' ਕੋਲ ਹੈ! ਫਿਕਰ ਕਾਹਦਾ!!

ਹੁਣ ਮੈਂ ਸਹਿਜ ਹੋ ਕੇ ਆਸੇ ਪਾਸੇ ਵੇਖ ਰਿਹਾ ਸਾਂ। ਮੇਰੇ ਖੱਬੇ ਹੱਥ ਬੈਠੀ ਗੋਰੀ ਮੁਟਿਆਰ ਕੋਈ ਬੇਚੈਨ ਰੂਹ ਜਾਪਦੀ ਸੀ। ਉਹ ਕੋਈ ਪੱਤਰਕਾਰ ਸੀ ਤੇ ਸਾਰੇ ਰਾਹ ਅਖਬਾਰਾਂ ਪੜ੍ਹਦੀ ਗਈ। ਕਦੀ ਕਿਸੇ ਅਖਬਾਰ ਵਿਚੋਂ ਤੇ ਕਦੀ ਕਿਸੇ ਵਿਚੋਂ ਕੁਝ ਕੱਟਦੀ ਅਤੇ ਇਕ ਵੱਖਰੀ ਫਾਈਲ ਵਿਚ ਰੱਖੀ ਜਾਂਦੀ। ਸੱਜੇ ਹੱਥ ਬੈਠੇ ਗੋਰੇ ਗੂਹੜੇ ਮਿੱਤਰ ਸਨ ਤੇ ਕਿਸੇ ਯੂਰਪੀਨ ਮੁਲਕ 'ਚੋਂ ਆਏ ਲੱਗਦੇ ਸਨ। ਉਹ ਪਹਿਲੀ ਵਾਰ ਸਾਂਨਫਰਾਂਸਿਸਕੋ ਅਤੇ ਕੈਲੇਫੋਰਨੀਆਂ ਰਿਆਸਤ ਵਿਚ ਜਾ ਰਹੇ ਸਨ। ਉਹਨਾਂ ਦੇ ਹੱਥਾਂ ਵਿਚ ਸਾਂਨਫਰਾਂਸਿਸਕੋ ਤੇ ਕੈਲੇਫੋਰਨੀਆਂ ਦੇ ਭੂਗੋਲ ਇਤਿਹਾਸ ਤੇ ਸਭਿਆਚਾਰ ਨਾਲ ਸੰਬੰਧਿਤ ਮੋਟੀਆਂ ਮੋਟੀਆਂ ਪੁਸਤਕਾਂ ਸਨ। ਉਹ ਲੋਕ ਜਿਹੜੀ ਥਾਂ ਨੂੰ ਵੇਖਣ ਜਾਂਦੇ ਨੇ ਉਸ ਦੇ ਵਖ ਵਖ ਪਹਿਲੂਆਂ ਬਾਰੇ ਮੁਢਲੀ ਜਾਣਕਾਰੀ ਪਹਿਲਾਂ ਹੀ ਕਿਤਾਬਾਂ ਵਿਚੋਂ ਹਾਸਲ ਕਰਕੇ ਜਾਂਦੇ ਨੇ, ਪੂਰੀ ਤਿਆਰੀ ਨਾਲ। ...ਤੇ ਇਧਰ ਸਾਡੇ ਵਰਗੇ ਨੇ...ਜਿਹੜੇ ਬਿਨਾਂ ਕੁਝ ਪੜ੍ਹਿਆਂ ਤੇ ਜਾਣਿਆਂ ਜਾਂਦੇ ਹਨ ਤੇ ਵਾਪਸ ਆਕੇ ਸਫਰਨਾਮਾ ਝਰੀਟ ਦਿੰਦੇ ਨੇ। ਮੈਨੂੰ ਆਪਣੇ ਆਪ 'ਤੇ ਸ਼ਰਮ ਆਈ। ਮੈਂ ਵੀ ਉਥੇ ਜਾ ਰਿਹਾ ਸਾਂ ਅਤੇ ਉਹ ਵੀ, ਪਰ ਦੋਹਾਂ ਧਿਰਾਂ ਵਿਚ ਕਿੰਨਾ ਫਰਕ ਸੀ!

ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਜਦੋਂ ਜਹਾਜ਼ ਸਾਂਨਫਰਾਂਸਿਸਕੋ ਦੇ ਹਵਾਈ ਅੱਡੇ ਤੇ ਲੱਗਾ ਤਾਂ ਅੱਗੇ ਗੁਰਬਚਨ ਜਹਾਜ਼ ਦੇ ਗੇਟ ਤੋਂ ਥੋੜ੍ਹਾ ਅੱਗੇ ਖੜੋਤਾ ਹੱਥ ਹਿਲਾ ਰਿਹਾ ਸੀ। ਹੱਸਦੇ ਮੂੰਹ 'ਚੋਂ ਉਹਦੇ ਚਿੱਟੇ ਦੰਦ ਲਿਸ਼ਕ ਰਹੇ ਸਨ। ਉਹਦੇ ਨਾਲ ਉਸ ਦੇ ਦੋਵੇਂ ਬੱਚੇ ਦਸ ਕੁ ਸਾਲ ਦੀ ਧੀ ਤੇ ਚੌਦਾਂ ਕੁ ਸਾਲ ਦਾ ਲੜਕਾ, ਵੀ ਸਨ।

ਗੁਰਬਚਨ ਘੁੱਟ ਕੇ ਮਿਲਿਆ। ਉਸ ਨੂੰ ਮੇਰੇ ਆਉਣ ਨਾਲ ਚਾਅ ਚੜ੍ਹਿਆ ਹੋਇਆ ਸੀ। ਛੋਟੇ ਬੱਚਿਆਂ ਨੂੰ ਦੱਸਿਆ ਗਿਆ—

"ਤੁਹਾਡੇ ਤਾਇਆ ਜੀ..."

ਉਹ ਅਜਨਬੀ ਤੇ ਨਵੇਂ ਤਾਏ ਵਲ ਵੇਖ ਕੇ ਮੁਸਕਰਾ ਰਹੇ ਸਨ!

ਬੈਲਟ ਤੋਂ ਅਟੈਚੀ ਚੁਕਦਿਆਂ ਮੈਂ ਉਨਾਭੀ ਪੱਗ ਵਾਲੇ ਸਰਦਾਰ ਵਲ ਫੇਰ ਇਕ ਨਜ਼ਰ ਵੇਖਿਆ, ਪਰ ਹੁਣ ਮੈਂ 'ਭਵ-ਸਾਗਰ' ਪਾਰ ਕਰ ਚੁਕਾ ਸਾਂ।

ਹਵਾਈ ਅੱਡੇ ਤੋਂ ਬਾਹਰ ਨਿਕਲਕੇ ਨਜ਼ਰਾਂ ਨੇ ਉਡਦੀ ਝਾਤ ਮਾਰੀ। ਚਾਰ-ਚੁਫੇਰੇ ਝਿਲਮਲਾਉਂਦੀਆਂ ਸੰਘਣੀਆਂ ਰੌਸ਼ਨੀਆਂ ਦਾ ਝੁਰਮਟ. ਖੁਸ਼ਗਵਾਰ ਮੌਸਮ.. ਜਿਸਮ ਨੂੰ ਕੁਤਕਤਾਉਂਦੀ ਠੰਢੀ ਹਵਾ, ਜਿਸ ਵਿਚ ਸਮੁੰਦਰ ਦੀ ਲੂਣੀ ਮਹਿਕ ਘੁਲੀ ਹੋਈ ਸੀ।

ਗੁਰਬਚਨ ਪਿੰਡ, ਪਰਿਵਾਰ ਤੇ ਪੁਰਾਣੇ ਦੋਸਤਾਂ ਮਿਤਰਾਂ ਦਾ ਹਾਲ-ਚਾਲ ਪੁਛ ਰਿਹਾ ਸੀ। ਮੈਨੂੰ ਉਸ ਨਾਲ ਗੱਲਾਂ ਕਰਨਾ ਚੰਗਾ ਲਗਦਾ ਸੀ। ਇਕ ਤਾਂ ਉਹ ਰਿਸ਼ਤੇ 'ਚੋਂ ਲਗਦੀ ਮੇਰੀ ਭੂਆ ਦਾ ਪੁੱਤਰ ਸੀ ਤੇ ਉਸ ਭੂਆ ਦਾ ਸਾਕ ਮੇਰੇ ਹੀ ਬਾਬੇ ਨੇ ਗੁਰਬਚਨ ਦੇ ਪਿਤਾ ਨੂੰ ਕਰਵਾਇਆ ਸੀ। ਦੂਜਾ ਸੱਤਵੇਂ ਦਹਾਕੇ ਦੇ ਅੱਧ ਵਿਚ ਪਿੰਡ ਅਤੇ ਇਲਾਕੇ ਵਿਚ ਮੇਰੀ ਅਗਵਾਈ 'ਚ ਸੁਧਾਰਕ ਕੰਮਾਂ ਲਈ ਜੁੱਟਣ ਵਾਲੇ ਨੌਜੁਆਨਾਂ ਵਿਚੋਂ ਗੁਰਬਚਨ ਵੀ ਇਕ ਸੀ। ਉਹ ਮੇਰੀਆਂ ਲਿਖਤਾਂ ਨੂੰ ਪੜ੍ਹਨ ਤੇ ਸਮਝਣ ਵਾਲਾ ਸੀ। ਮੇਰੇ ਮਿੱਤਰ ਨਿੰਦੀ ਦੀ ਭੈਣ ਉਸ ਨਾਲ ਵਿਆਹੇ ਜਾਣ ਪਿੱਛੋਂ ਸਾਂਝ ਦੀ ਇਕ ਤੰਦ ਹੋਰ ਜੁੜ ਗਈ ਸੀ।

ਅਸੀਂ ਇਸ ਅਪਣੱਤ ਵਿਚੋਂ ਗੱਲਾਂ ਕਰ ਰਹੇ ਸਾਂ।

"...ਜਿਸ ਸ਼ਹਿਰ ਵਿਚੋਂ ਲੰਘ ਰਹੇ ਹਾਂ, ਇਹ ਸਾਂਨਫਰਾਂਸਿਸਕੋ ਹੈ...ਆਪਾਂ ਖਾੜੀ ਤੋਂ ਪਾਰ ਯੂਨੀਅਨ ਸਿਟੀ ਜਾਣਾ ਹੈ। ਇਸ ਸਾਰੇ ਇਲਾਕੇ ਨੂੰ 'ਬੇ-ਏਰੀਆ' ਆਖਦੇ ਨੇ ਜਿਸ ਵਿਚ ਨਾਲ ਲਗਦੇ ਵੀਹ ਕੁ ਸ਼ਹਿਰਾਂ ਦਾ ਸਮੂਹ ਸ਼ਾਮਲ ਹੈ। ਇਹ ਸ਼ਹਿਰ ਹਨ—ਸਾਨਫਰਾਂਸਿਸਕੋ, ਰਿਚਮੰਡ, ਸੈਨ ਪਾਬਲੋ, ਓਕਲੈਂਡ, ਫਰੀਮੌਂਟ, ਨਿਊ ਆਰਕ,



Sri Satguru Jagjit Singh Ji eLibrary NamdhariElibrary@gmail.com

ਯੂਨੀਅਨ ਸਿਟੀ, ਬਰਕਲੇ ..।"

"ਬਰਕਲੇ !", ਮੈਂ ਉਸਦੀ ਗੱਲ ਟੋਕੀ, "...ਜਿਥੇ ਕਰਤਾਰ ਸਿੰਘ ਸਰਾਭਾ ਪੜ੍ਹਦਾ ਰਿਹੈ ?"

"ਹਾਂ, ਅੱਜ ਕਲ੍ਹ ਉਸੇ ਯੂਨੀਵਰਸਿਟੀ ਵਿਚ ਡਾ. ਆਤਮਜੀਤ ਸਿੰਘ ਪੜ੍ਹਾਉਂਦਾ ਹੈ। ਉਹ ਤੁਹਾਨੂੰ ਬੜੀ ਚੰਗੀ ਤਰ੍ਹਾਂ ਜਾਣਦੈ...ਤੁਹਾਡੀਆਂ ਕਹਾਣੀਆਂ ਦਾ ਬੜਾ ਮੱਦਾਹ ਹੈ ..।"

ਗੁਰਬਚਨ ਬੋਲੀ ਜਾ ਰਿਹਾ ਸੀ, ਪਰ ਮੈਂ 'ਸਾਨਫਰਾਂ-ਸਿਸਕੋ', 'ਬਰਕਲੇ' ਤੇ 'ਬੇ ਏਰੀਏ' ਨਾਲ ਜੁੜੇ ਇਤਿਹਾਸ ਵਿਚ ਫਿਰ ਰਿਹਾ ਸਾਂ। ...ਤਾਂ ਇਹੋ ਸੀ ਸਾਨਫਰਾਂਸਿਸਕੋ ਦੀ ਉਹ ਧਰਤੀ, ਜਿਥੇ 'ਗ਼ਦਰ ਪਾਰਟੀ' ਕਾਇਮ ਕਰਕੇ ਉਹਦਾ ਹੈਡਕੁਆਟਰ ਸਥਾਪਤ ਕੀਤਾ ਸੀ! 'ਬਰਕਲੇ ਯੂਨੀਵਰਸਿਟੀ' ਵਿਚ ਪੜ੍ਹਨ ਆਇਆ ਮੁੱਛ-ਫੁਟ ਕਰਤਾਰ ਸਿੰਘ ਸਰਾਭਾ ਇਥੇ ਹੀ ਪਾਰਟੀ ਦਫਤਰ ਵਿਚ ਲਾਲਾ ਹਰਦਿਆਲ ਨੂੰ ਮਿਲਣ ਆਇਆ, ਤੇ ਪਾਰਟੀ ਵਿਚ ਸ਼ਾਮਲ ਹੋਣ ਦੀ ਆਗਿਆ ਮੰਗੀ ਸੀ। ਇਹੋ 'ਗ਼ਦਰ ਪਾਰਟੀ' ਸੀ, ਜਿਸ ਵਿਚ ਮੇਰੇ ਪਿੰਡ 'ਸੁਰ ਸਿੰਘ' ਦੀ ਭਰਵੀਂ ਸ਼ਮੂਲੀਅਤ ਰਹੀ ਸੀ ਤੇ 'ਗ਼ਦਰ ਡਾਇਰੈਕਟਰੀਆਂ' ਦੱਸਦੀਆਂ ਹਨ ਕਿ ਅੰਗਰੇਜ਼ ਸਰਕਾਰ ਵਲੋਂ ਗ੍ਰਿਫਤਾਰ ਕੀਤੇ ਅਤੇ ਸਜ਼ਾ ਭੁਗਤਣ ਵਾਲੇ ਹਿੰਦੋਸਤਾਨੀਆਂ ਵਿਚੋਂ ਸਭ ਤੋਂ ਵਧ ਗਿਣਤੀ 'ਸੁਰ ਸਿੰਘੀਆਂ' ਦੀ ਸੀ! ਇਹ ਉਹ ਧਰਤੀ ਸੀ ਜਿਥੇ ਉਹਨਾਂ ਦੇਸ਼ ਭਗਤ ਮਰਜੀਵੜਿਆਂ ਦੇ ਪੈਰ ਲੱਗੇ ਸਨ ..ਇਹ ਉਹ ਹਵਾ ਸੀ, ਜਿਸ ਵਿਚ ਉਹਨਾਂ ਕਦੀ ਸਾਹ ਲਏ ਸਨ।

"...ਵੇਖੋ ਕਿੰਨਾ ਖ਼ੂਬਸੂਰਤ ਇਲਾਕਾ ਹੈ! ਤੁਸੀਂ ਸੋਚ ਵੀ ਨਹੀਂ ਸਕਦੇ ਕਿ ਕੁਝ ਸਾਲ ਪਹਿਲਾਂ ਏਥੇ ਭੂਚਾਲ ਆਏ ਸਨ ਤੇ ਬੜੀ ਭਿਆਨਕ ਤਬਾਹੀ ਹੋਈ ਸੀ। ...ਪਰ ਇਸ ਮੁਲਕ ਦਾ ਪ੍ਰਬੰਧ ਹੀ ਏਡਾ ਖ਼ੂਬਸੂਰਤ ਹੈ ਕਿ ਕੁਝ ਹੀ ਸਾਲਾਂ ਵਿਚ ਤਬਾਹੀ ਦਾ ਨਾਂ-ਨਿਸ਼ਾਨ ਮਿਟਾ ਕੇ ਸ਼ਹਿਰ ਨੂੰ ਨਵੇਂ ਸਿਰੇ ਤੋਂ ਉਸਾਰ ਕੇ ਲਿਸ਼ ਲਿਸ਼ ਕਰਨ ਲਾ ਦਿਤੈ...।"

ਅਸੀਂ ਖਾੜੀ ਉੱਤੇ ਬਣੇ ਕਈ ਮੀਲ ਲੰਮੇ ਪੁਲ ਤੋਂ ਗੁਜ਼ਰ ਰਹੇ ਸਾਂ। ਆਸੇ ਪਾਸੇ ਸਮੁੰਦਰ ਸੀ ਜਿਸ ਵਿਚ ਸ਼ਹਿਰ ਦੀਆਂ ਰੌਸ਼ਨੀਆਂ ਨਹਾ ਰਹੀਆਂ ਸਨ। ਮੈਂ ਸਮੁੰਦਰ ਉੱਤੇ ਏਡਾ ਲੰਮਾ ਪੁਲ ਬਣਾ ਲੈਣ 'ਤੇ ਹੈਰਾਨ ਹੋ ਰਿਹਾ ਸਾਂ।

ਗੁਰਬਚਨ ਏਥੇ ਕੰਮ ਲਈ ਪ੍ਰਤੀਬੱਧਤਾ ਤੇ ਜ਼ਿੰਮੇਵਾਰੀ ਦੇ ਅਹਿਸਾਸ ਨੂੰ ਵੀ ਉਸਾਰੀ ਨਾਲ ਜੋੜ ਰਿਹਾ।

"ਭੂਚਾਲ ਵਿਚ ਇਕ ਪੁਲ ਡਿਗ ਪਿਆ। ਉਸ ਪੁਲ ਨੂੰ ਤੀਹ ਦਿਨ ਵਿਚ ਬਨਾਉਣ ਦਾ ਠੇਕਾ ਕੰਪਨੀ ਨੂੰ ਦਿੱਤਾ ਗਿਆ। ਸ਼ਰਤ ਇਹ ਸੀ ਕਿ ਤੀਹ ਦਿਨ ਤੋਂ ਇਕ ਦਿਨ ਵੀ ਉੱਤੇ ਹੋ ਗਿਆ ਤਾਂ ਕੰਪਨੀ ਕੋਲੋਂ ਪ੍ਰਤੀ ਦਿਨ ਜੁਰਮਾਨਾ ਲਿਆ ਜਾਵੇਗਾ ਪਰ ਜੇ ਕੰਪਨੀ ਪੁਲ ਪਹਿਲਾਂ ਬਣਾ ਦੇਵੇ ਤਾਂ ਜਿੰਨ੍ਹੇ ਦਿਨ ਪਹਿਲਾਂ ਬਣਾਊ, ਓਨੇ ਦਿਨਾਂ ਦਾ ਪ੍ਰਤੀ ਦਿਨ ਇਕ ਲੱਖ ਡਾਲਰ ਇਨਾਮ ਵਜੋਂ ਮਿਲੂ..। ਕੰਪਨੀ ਨੇ ਉਹ ਪੁਲ ਉਨੱਤੀ ਦਿਨਾਂ ਵਿਚ ਬਣਾ ਕੇ ਤਿਆਰ ਕਰ ਦਿੱਤਾ! ਇਹ ਹੈ ਐਫੀਸ਼ੈਂਸੀ ਕੰਮ ਕਰਨ ਦੀ ..।"

ਮੈਨੂੰ ਜਲੰਧਰ-ਅੰਮ੍ਰਿਤਸਰ ਸੜਕ 'ਤੇ ਬਿਆਸ ਨੇੜੇ ਢਿਲਵਾਂ ਵਾਲਾ ਪੁਲ ਯਾਦ ਆਇਆ ਜੋ ਹੜ੍ਹ ਆਉਣ 'ਤੇ ਅੱਠ ਸਾਲ ਤੱਕ ਟੁੱਟਾ ਹੀ ਰਿਹਾ। ਜੇ ਬਣਿਆਂ ਤਾਂ ਏਡਾ ਭੈੜਾ ਕਿ ਮੌਤ ਦਾ ਸੱਕਾ ਭਰਾ ਲੱਗਦਾ ਹੈ।

"ਗੁਰਬਚਨ! ਇਹੋ ਹੀ ਹੈ ਉਹ ਬੇ-ਏਰੀਆ ਜਿਥੇ ਆ ਕੇ ਆਪਣੇ ਪਿੰਡ ਦੇ ਬਜ਼ੁਰਗਾਂ ਨੇ 'ਝੰਡੀ' ਗੱਡੀ ਸੀ ..।"

ਅਸੀਂ ਸਾਂਝੇ ਮਾਣ ਵਿਚ ਮੁਸਕਰਾਏ। ਮੈਨੂੰ ਉਹ ਇਤਿਹਾਸਕ ਹਵਾਲੇ ਯਾਦ ਆ ਰਹੇ ਸਨ ਜਿੰਨ੍ਹਾਂ ਵਿਚ ਦੱਸਿਆ ਗਿਆ ਸੀ ਕਿ ਸ਼ਾਂਤ ਸਾਗਰ ਦੇ ਪੱਛਮੀ ਕੰਢੇ 'ਤੇ ਉਤਰਨ ਵਾਲਾ ਤੇ ਸਾਨਫ਼ਰਾਂਸਿਸਕੋ ਬੇ-ਏਰੀਏ ਵਿਚ ਵੱਸਣ ਵਾਲਾ ਪਹਿਲਾ ਹਿੰਦੁਸਤਾਨੀ ਭਾਈ ਬਖ਼ਸ਼ੀਸ਼ ਸਿੰਘ ਸੁਰ ਸਿੰਘ ਦਾ ਵਸਨੀਕ ਸੀ—ਮੇਰੇ ਆਪਣੇ ਪਿੰਡ ਦਾ। ਭਾਰਤ ਨੂੰ ਲੱਭਣ ਤੁਰੇ ਕੋਲੰਬਸ ਨੇ ਅਮਰੀਕਾ ਲੱਭੀ ਸੀ ਤੇ ਉਹ ਏਸੇ ਹੀ ਇਲਾਕੇ ਵਿਚ ਆ ਕੇ ਅਮਰੀਕੀ ਧਰਤੀ 'ਤੇ ਉਤਰਿਆ ਸੀ ਤਾਂ ਪਹਿਲੇ ਭਾਰਤੀ ਬਖ਼ਸ਼ੀਸ ਸਿੰਘ ਨੇ ਵੀ ਏਸੇ ਹੀ ਸਮੁੰਦਰੀ ਕੰਢੇ ਤੇ ਆਪਣੇ ਕਦਮ ਧਰ ਕੇ ਪਿਛੋਂ ਆਉਣ ਵਾਲੇ ਭਾਰਤੀਆਂ ਲਈ ਅਮਰੀਕਾ ਆਉਣ ਦਾ ਰਾਹ ਖੋਲ੍ਹਿਆ ਸੀ।

ਪੁਲੋਂ ਪਾਰ ਯੂਨੀਅਨ ਸਿਟੀ ਸੀ ਜਿਸ ਵਿਚ ਗੁਰਬਚਨ ਰਹਿੰਦਾ ਸੀ। ਘਰ ਪਹੁੰਚ ਕੇ ਗੈਰਾਜ ਦੇ ਸਾਹਮਣੇ ਜਾਂਦਿਆਂ ਹੀ ਗੁਰਬਚਨ ਨੇ ਰੀਮੋਟ ਦਾ ਬਟਨ ਨੱਪਿਆ ਤੇ ਗੈਰਾਜ ਦਾ ਦਰਵਾਜ਼ਾ ਖੁਲ੍ਹ ਗਿਆ।

ਫੁੱਫੜ ਸੂਰਤ ਸਿੰਘ, ਗੁਰਬਚਨ ਤੇ ਉਸਦੀ ਪਤਨੀ ਦੇ ਦਿਲ ਤਾਂ ਮੇਰੇ ਪਿਆਰ ਸਤਿਕਾਰ ਵਿਚ ਪਹਿਲਾਂ ਹੀ ਖੁੱਲ੍ਹੇ ਹੋਏ ਸਨ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਅਮਰਜੀਤ ਸਿੰਘ ਸੰਧੂ

(੧)

ਖ਼ੁਸ਼ੀਆਂ ਨੇ ਅਪਾਰ, ਗੁਰੂ ਦੀ ਕਿਰਪਾ ਹੈ ।
ਹਰ ਪਲ ਹਾਂ ਸ਼ਰਸਾਰ, ਗੁਰੂ ਦੀ ਕਿਰਪਾ ਹੈ ।

ਤੂੰ ਕਹਿਨੈਂ – 'ਬੇਕਾਰ ਗੁਰੂ ਦੀ ਕਿਰਪਾ ਹੈ ।'
ਮੇਰਾ ਤਾਂ ਆਧਾਰ ਗੁਰੂ ਦੀ ਕਿਰਪਾ ਹੈ ।

ਮੇਰੇ ਵਿਚ ਕੀ ਗੁਣ ਹੈ, ਕਾਹਦੇ ਜੋਗਾਂ ਮੈਂ,
ਮਿਲਦੇ ਜੋ ਸਤਿਕਾਰ, ਗੁਰੂ ਦੀ ਕਿਰਪਾ ਹੈ ।

ਮੇਰੇ ਸੁੰਞੇਂ ਮਨ ਵਿਚ ਮੌਲੀ ਮੌਲਸਰੀ,
ਸ਼ਿਅਰਾਂ ਦੀ ਮਹਿਕਾਰ, ਗੁਰੂ ਦੀ ਕਿਰਪਾ ਹੈ ।

ਵੈਦਾਂ ਨੇ ਤਾਂ ਮਾਰ ਮੁਕਾਇਆ ਸੀ ਉਸਨੂੰ,
ਉੱਠ ਪਿਐ ਬੀਮਾਰ, ਗੁਰੂ ਦੀ ਕਿਰਪਾ ਹੈ ।

ਇਹ ਜੋ ਤੇਰੀ 'ਬੱਲੇ ਬੱਲੇ' ਹੁੰਦੀ ਏ,
ਇਹ ਵੀ ਆਖਿਰਕਾਰ, ਗੁਰੂ ਦੀ ਕਿਰਪਾ ਹੈ ।

ਕਲਗੀਆਂ ਵਾਲੇ, ਸ੍ਰੀ-ਸਾਹਿਬ ਜੋ ਬਖ਼ਸ਼ੀ ਏ,
ਨਹੀ ਕਵਲ ਹਥਿਆਰ, ਗੁਰੂ ਦੀ ਕਿਰਪਾ ਹੈ ।

ਬਦਕਾਰਾਂ ਦੇ ਹੱਥ 'ਚ ਕਹਿਰ-ਕਰੋਪੀ ਏ,
ਸੰਤਾਂ ਹੱਥ ਤਲਵਾਰ, ਗੁਰੂ ਦੀ ਕਿਰਪਾ ਹੈ ।

ਮੈਂ ਤੇਰੇ ਤੋਂ ਕੀ ਮੰਗਾਂ, ਕੀ ਨਾ ਮੰਗਾਂ.
ਐ ਮੇਰੇ ਦਾਤਾਰ, ਗੁਰੂ ਦੀ ਕਿਰਪਾ ਹੈ ।

ਤੇਰੀ ਮਿਹਰ ਦਾ ਮੀਂਹ ਉਸ ਤੇ ਹੀ ਵੱਸੇਗਾ,
ਜਿਸ ਤੇ ਐ ਕਰਤਾਰ, ਗੁਰੂ ਦੀ ਕਿਰਪਾ ਹੈ ।

ਦਿਲ ਵਿਚ 'ਇਕ-ਓਂਕਾਰ', ਲਬਾਂ ਤੇ 'ਵਾਹਿਗੁਰੂ',
ਹੱਥੀਂ ਸੁੱਚੀ-ਕਾਰ, ਗੁਰੂ ਦੀ ਕਿਰਪਾ ਹੈ ।

ਮੇਰੇ ਤੇ ਮੇਰੇ ਰੱਬ ਵਿਚੋਂ ਢੱਠ ਗਈ,
ਮਾਇਆ ਦੀ ਦੀਵਾਰ, ਗੁਰੂ ਦੀ ਕਿਰਪਾ ਹੈ ।

ਵਕਤ ਦੀਆਂ ਸਰਕਾਰਾਂ ਨੂੰ ਕੀ ਜਾਣੇ ਉਹ,
ਜਿਸ ਉੱਤੇ ਸਰਕਾਰ, ਗੁਰੂ ਦੀ ਕਿਰਪਾ ਹੈ ।

ਉਹ ਕਿਉਂ ਕਰਮਾਂ ਦੀ ਚੱਕੀ ਵਿਚ ਪਿਸੂ ਪਿਆ,
ਜਿਸ ਤੇ ਬਖ਼ਸ਼ਣਹਾਰ-ਗੁਰੂ ਦੀ ਕਿਰਪਾ ਹੈ ।

ਜਿਸ ਦੇ ਮਿਲਿਆਂ ਰੱਬ ਆ ਵੱਸਦੈ ਮਨ ਅੰਦਰ,
ਮਿਲਿਐ ਉਹ ਦਿਲਦਾਰ, ਗੁਰੂ ਦੀ ਕਿਰਪਾ ਹੈ ।

ਰਿੰਦਾਂ ਨੂੰ ਛੱਡ "ਸੰਧੂ" ਗਲ ਲੱਗੀ ਜੋ ਗਜ਼ਲ,
ਇਹ ਵੀ ਤਾਂ ਸਰਕਾਰ, ਗੁਰੂ ਦੀ ਕਿਰਪਾ ਹੈ ।

ਧੰਨੇ ਵਾਂਗੂੰ "ਸੰਧੂ-ਜੱਟ" ਨੂੰ ਵੀ ਕੀਤੈ,
ਉਸ ਨੇ ਅੰਗੀਕਾਰ, ਗੁਰੂ ਦੀ ਕਿਰਪਾ ਹੈ ।

(੨)

ਬੀਵੀ ਨਾ ਬਾਲ ਤੇਰੇ, ਨਾ ਘਰ ਮਕਾਨ ਤੇਰਾ ।
ਪਲ ਵਿਚ ਪਰਾਇਆ ਹੋਣੈ, ਸਾਰਾ ਸਾਮਾਨ ਤੇਰਾ ।

ਮਤਲਬ ਲਈ ਨੇ ਝੁਕਦੇ, ਤੇਰੇ ਚਾਪਲੂਸ ਮਿੱਤਰ,
ਪਰ ਦਿਲ 'ਚ ਨਈਂ ਉਨ੍ਹਾਂ ਦੇ ਕੋਈ ਸਥਾਨ ਤੇਰਾ ।

ਚੰਗੇ ਚਲਨ ਦੇ ਮਾਲਿਕ, ਤੇਰੇ ਨਾਲ ਕਿਉਂ ਨਈਂ ਚਲਦੇ,
ਕਿਉਂ ਸਾਥ ਦੇ ਰਿਹਾ ਏ, ਹਰ ਬੇ-ਇਮਾਨ ਤੇਰਾ ?

ਤੇਰੀ ਜ਼ਿੰਦਗੀ ਦਾ ਸ਼ੀਸ਼ਾ, ਕੁਝ ਹੋਰ ਦੱਸਦਾ ਏ,
ਕੁਝ ਹੋਰ ਆਖਦਾ ਏ, ਲੇਕਿਨ ਦੀਵਾਨ ਤੇਰਾ ।

ਤੇਰਾ ਅਪਣੇ ਬੀਵੀ-ਬੱਚਿਆਂ ਵੱਲ ਧਿਆਨ ਕਿਉਂ ਨਈਂ ਮੂਰਖ !
ਔਰਤ ਪਰਾਈ ਵੱਲ ਕਿਉਂ ਰਹਿੰਦੈ ਧਿਆਨ ਤੇਰਾ ।

ਯਾਰਾਂ ਦਾ ਤੇਰੇ ਉੱਤੇ, ਇਤਬਾਰ ਉੱਠ ਗਿਐ ਕਿਉਂ,
ਤੇਰੇ ਯਾਰ ਲੈ ਰਹੇ ਨੇ, ਕਿਉਂ ਇਮਤਿਹਾਨ ਤੇਰਾ ?

ਵਹਿਸ਼ਤ ਦੇ ਵਹਿੜਕੇ ਨੂੰ, ਨੱਥ ਪਾ ਕੇ ਰੱਖ, ਐ ਮਾਲੀ,
ਨਹੀਂ ਤਾਂ ਉਜਾੜ ਦੇਊ, ਇਹ ਗੁਲਸਤਾਨ ਤੇਰਾ ।

ਹੋ ਕੇ ਨਿਡਰ ਐ ਮੁਨਸਿਫ਼, ਚੋਰਾਂ ਨੂੰ ਡੰਨ ਲਾਵੇਂ
ਤੇਰੇ ਤੋਂ ਆਸ ਰੱਖਦੈ, ਹਿੰਦੋਸਤਾਨ ਤੇਰਾ ।

ਦੋਹਾਂ 'ਚੋਂ ਖ਼ਬਰੇ ਕਿਹੜਾ ਬਿਹਤਰ ਹੈ, ਜਦਕਿ ਮਿੱਤਰਾ,
ਮੇਰਾ ਏਂ ਤੂੰ ਇਕੱਲਾ, ਸਾਰਾ ਜਹਾਨ ਤੇਰਾ ।

ਮਰਨਾ ਜਾਂ ਪਾਰ ਜਾਣਾ, ਜੇ ਦਿਲ 'ਚ ਧਾਰਿਐ ਤਾਂ,
ਫਿਰ ਕੀ ਵਿਗਾੜ ਲਊਗਾ, "ਸੰਧੂ" ਤੂਫ਼ਾਨ ਤੇਰਾ !



Sri Satguru Jagjit Singh Ji eLibrary NamdhariElibrary@gmail.com

# ਪਿਤਾਸ਼੍ਰੀ ਨੂੰ ਯਾਦ ਕਰਦਿਆਂ

**—ਸੀ. ਐਲ. ਲੱਕੀ**

ਸਾਡੇ ਸਤਿਕਾਰਯੋਗ ਪਿਤਾ ਸ੍ਰੀ ਖੁਸ਼ੀ ਰਾਮ ਜੀ ਇਸ ਸੰਸਾਰ ਤੋਂ ੬ ਜਨਵਰੀ ੧੯੯੪ ਨੂੰ ਆਪਣੇ ਸੁਆਸਾਂ ਦੀ ਪੂੰਜੀ ਪੂਰੀ ਕਰਕੇ ਸਦਾ ਲਈ ਸਾਡੇ ਤੋਂ ਵਿਛੜ ਗਏ। ਪਰ ਉਹਨਾਂ ਦੀ ਮਿੱਠੀ ਤੇ ਪਿਆਰੀ ਯਾਦ ਸਾਡੇ ਮਨਾਂ 'ਚ ਸਦੀਵ ਕਾਲ ਤਕ ਰਹੇਗੀ। ਜਦੋਂ ਉਹਨਾਂ ਦੀ ਯਾਦ ਆਉਂਦੀ ਹੈ ਤਾਂ ਉਹਨਾਂ ਦੀ ਪੂਰਨ ਸ਼ਖਸੀਅਤ ਮਨ ਦੀਆਂ ਅੱਖਾਂ ਸਾਹਮਣੇ ਇੰਝ ਆ ਖਲੋਂਦੀ ਹੈ, ਜਿਵੇਂ ਸ਼ੀਸ਼ੇ ਸਾਹਮਣੇ ਖੜੇ ਹੋਈਏ ਤੇ ਆਪਣਾ ਸਾਰਾ ਅਕਾਰ ਨਜ਼ਰ ਆਉਂਦਾ ਹੈ।

ਸਾਡੇ ਪਿਤਾ ਜੀ ਦਾ ਕੱਦ ਮਧਰਾ, ਸਰੀਰ ਦਰਮਿਆਨਾ ਤੇ ਸਕੂਲੀ ਵਿਦਿਆ ਸਿਫਰ ਦੇ ਬਰਾਬਰ ਸੀ। ਪਰ ਜ਼ਿੰਦਗੀ ਦੇ ਖੇਤਰ ਵਿਚ ਉਹਨਾਂ ਦਾ ਕੱਦ ਮਹਾਨ, ਸਰੀਰ ਰਿਸ਼ਟ-ਪੁਸ਼ਟ, ਲਿਸ਼ਕਣਾ ਅਤੇ ਫੁਰਤੀਲਾ ਤੇ ਜ਼ਿੰਦਗੀ ਦੀ ਅਮਲੀ ਵਿਦਿਆ 'ਚ ਵਿਦਵਾਨਾਂ ਵਾਲਾ ਸੁਭਾਅ ਤੇ ਖਿਆਲਾਤ ਸਨ। ਉਹ ਸੁੱਚੀ ਕਿਰਤ ਦੇ ਮਾਲਕ ਸਨ, ਉਹਨਾਂ ਨੇ ਦਸਾਂ ਨਹੁੰਆਂ ਦੀ ਧਰਮ ਦੀ ਕਿਰਤ ਕਰਕੇ ਇਕ ਵੱਡੇ ਪਰਵਾਰ ਨੂੰ ਜਿਸ ਵਿਚ ਸੱਤ ਪੁੱਤਰ ਤੇ ਦੋ ਧੀਆਂ ਸ਼ਾਮਲ ਸਨ, ਪਾਲਿਆ। ਵੰਡ ਛਕਣਾ ਉਹਨਾਂ ਦਾ ਧਰਮ ਸੀ। ਦੂਸਰੇ ਦੇ ਕੰਮ ਆਉਣ ਦਾ ਉਹਨਾਂ ਨੂੰ ਬੜਾ ਚਾਉ ਸੀ। ਦੂਸਰੇ ਦੀ ਖੁਸ਼ੀ 'ਚ ਅਕਹਿ ਖੁਸ਼ੀ ਮਹਿਸੂਸ ਕਰਦੇ ਸਨ, ਬੇਹੱਦ ਸੰਤੋਖੀ ਸਨ। ਮਨ 'ਚ ਕੋਈ ਵਿਤਕਰਾ ਨਹੀਂ, ਜਦੋਂ ਕੋਈ ਘਰ ਆ ਜਾਂਦਾ, ਉਹ ਉਸਨੂੰ ਉੱਡ ਕੇ ਮਿਲਦੇ ਤੇ ਚਾਅ ਚੜ੍ਹ ਜਾਂਦਾ, ਭਾਵੇਂ ਘਰ 'ਚ ਦਾਣੇ ਵੀ ਨਾ ਹੋਣ। ਜੀਵਨ ਦਾ ਸ਼ੌਕ ਭੀ ਕਮਾਲ ਦਾ ਸੀ। ਜਵਾਨੀ ਦੀ ਉਮਰ 'ਚ ਤਿੱਲੇ ਦੀ ਜੁੱਤੀ ਪਾਉਣੀ। ਵਿਆਹ 'ਚ ਮੁਜਰੇ ਤੇ ਨਕਲੀਏ ਤੇ ਸੱਤ ਦਿਨ ਬਰਾਤ ਰਹੀ। ਖਾਣ ਪੀਣ ਦਾ ਪੂਰਾ ਪੂਰਾ ਸ਼ੌਕ ਆਖਰੀ ਉਮਰ ਤਕ ਰਿਹਾ। ਹਮੇਸ਼ਾਂ ਮਨ ਕਰਕੇ ਜਵਾਨ ਮਹਿਸੂਸ ਕਰਨਾ, ਚੜ੍ਹਦੀ ਕਲ਼ਾ 'ਚ ਰਹਿਣਾ ਤੇ ਕਦੀ ਭੀ ਢਹਿੰਦੀ ਕਲਾ 'ਚ ਨਹੀਂ ਜਾਣਾ, ਭਾਵੇਂ ਕਿੰਨੀਆਂ ਭੀ ਔਖਿਆਈਆਂ ਸਾਹਮਣੇ ਪਈਆਂ ਦਿਸਣ। ਦੂਸਰਿਆਂ ਨੂੰ ਭੀ ਸਦਾ ਚੜ੍ਹਦੀ ਕਲਾ 'ਚ ਰਹਿਣ ਦੀ ਪ੍ਰੇਰਨਾ ਦੇਣੀ। ਮੈਨੂੰ ਇਕ ਵਾਕਿਆ ਯਾਦ ਆਇਆ ਕਿ ਘਰ ਬੈਠੇ ਪਰਵਾਰ 'ਚ ਵੱਡੇ ਭਾਈ ਸਾਹਿਬ ਸ੍ਰੀ ਹਰੀ ਰਾਮ ਜੀ ਗਾਂਧੀ, ਇਕ ਦਿਨ ਕਹਿਣ ਲੱਗੇ ਕਿ ਹੁਣ ਤਾਂ ਮੈਂ ਬੁੱਢਾ ਹੋ ਚਲਿਆ ਹਾਂ। ਜਦੋਂ ਇਹ ਗੱਲ ਭਾਈਆ ਜੀ (ਸਾਡੇ ਪਿਤਾ ਜੀ) ਦੇ ਕੰਨ ਪਈ ਤਾਂ ਉਹ ਕਹਿਣ ਲੱਗੇ—"ਹਰੀ ਰਾਮਾ ਕੀ ਕਿਹਾ? ਜ਼ਰਾ ਦੁਬਾਰਾ ਕਹੀਂ", ਤਾਂ ਭਰਾ ਜੀ ਨੇ ਆਪਣਾ ਫ਼ਿਕਰਾ ਦੁਹਰਾਇਆ "ਕਿ ਮੈਂ ਬੁੱਢਾ ਹੋ ਚਲਿਆ ਹਾਂ" ਤਾਂ ਪਿਤਾ ਜੀ ਜ਼ੋਰ ਦੀ ਬੋਲੇ ਤੇ ਬੜੇ ਹੀ ਰੋਹਬ ਨਾਲ ਕਿਹਾ "ਅਜੇ ਤਾਂ ਮੈਂ ਬੁੱਢਾ ਨਹੀਂ ਹੋਇਆ ਤੂੰ ਕਿਵੇਂ ਹੋ ਗਿਆ।"

ਜਿਥੇ ਉਹ ਇਕ ਬਹੁਤ ਵਧੀਆ ਸ਼ਿਲਪਕਾਰ ਸਨ, ਉਹ ਬਹੁਤ ਹੀ ਵਧੀਆ ਇਲਾਕੇ 'ਚ ਮੰਨੇ ਪਰਮੰਨੇ ਟੇਲਰ ਸਨ, ਉਥੇ ਇਕ ਮਹਾਨ ਸੁਪਨ-ਸਾਜ਼ ਸਨ। ਉਹਨਾਂ ਨੇ ਮਹਾਨ ਸੁਪਨੇ ਲਏ ਤੇ ਸਾਰੇ ਹੀ ਸਾਕਾਰ ਹੋਏ। ਭਾਵੇਂ ਉਹ ਬਿਲਕੁਲ ਅਨਪੜ੍ਹ ਸਨ, ਪਰ ਉਹਨਾਂ ਨੇ ਆਪਣੇ ਸਾਰੇ ਬੱਚਿਆਂ ਨੂੰ ਵਿਦਿਆ ਦਾ ਗਹਿਣਾ ਪੁਆਣ ਦਾ ਪੱਕਾ ਪ੍ਰਣ ਕੀਤਾ ਹੋਇਆ ਸੀ ਤੇ ਉਹਨਾਂ ਦੇ ਉੱਦਮ, ਸਿਰੜ ਤੇ ਦ੍ਰਿੜ੍ਹਤਾ ਸਦਕਾ ਹੀ ਅੱਜ ਉਹਨਾਂ ਦੇ ਬੱਚੇ ਵਕੀਲ, ਆਰਕੀਟੈਕਟ, ਆਫੀਸਰ ਤੇ ਇੰਡਸਟ੍ਰੀਅਲਿਸਟ ਹਨ। ਉਹਨਾਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਕਿਤਨਾ ਫਿਕਰ ਸੀ। ਉਸਦੀ ਇਕ ਮਿਸਾਲ ਮੈਂ ਦੇਣੀ ਚਾਹਾਂਗਾ। ਮੈਂ ਮਾਰਚ ੧੯੫੫ 'ਚ ਦਸਵੀਂ ਦਾ ਇਮਤਿਹਾਨ ਦੇਣ ਕਪੂਰਥਲੇ ਰਨਧੀਰ ਹਾਈ ਸਕੂਲ 'ਚ, ਜਿਹੜਾ ਸਾਡਾ ਸੈਂਟਰ ਆਇਆ ਸੀ, ਗਿਆ। ਮੈਂ ਕੁਝ ਕਲਮਾਂ ਇਮਤਿਹਾਨ 'ਚ ਸਿਰਲੇਖ ਲਿਖਣ ਲਈ ਘੜੀਆਂ ਸਨ ਤੇ ਉਹ ਪਿੰਡ ਹੀ ਰਹਿ ਗਈਆਂ। ਭਾਈਆ ਜੀ ਨੇ ਜਦੋਂ ਅਗਲੇ ਦਿਨ ਵੇਖਿਆ ਕਿ ਕਾਕੇ ਦੀਆਂ ਕਲਮਾਂ ਰਹਿ ਗਈਆਂ ਹਨ ਤੇ ਪਤਾ ਨਹੀਂ ਉਸਦਾ ਕਿੰਨਾ ਨੁਕਸਾਨ ਹੋ ਜਾਣਾ ਹੈ, ਉਹ ਪਿੰਡੋਂ ਬੱਸ ਤੇ ਕਪੂਰਥਲੇ ਕਲਮਾਂ ਲੈ ਕੇ, ਜਿਸ ਸਰਾਂ 'ਚ ਅਸੀਂ ਠਹਿਰੇ ਸਾਂ, ਪਹੁੰਚੇ। ਪਰ ਮੈਂ ਇਮਤਿਹਾਨ ਦੇ ਸੈਂਟਰ 'ਚ ਜਾ ਚੁਕਿਆ ਸੀ। ਉਹ ਰਨਧੀਰ ਹਾਈ ਸਕੂਲ ਸੈਂਟਰ 'ਚ ਪਹੁੰਚ ਗਏ ਤੇ ਸੁਪਰਵਾਈਜ਼ਰ ਨੂੰ ਕਲਮਾਂ ਦਿੰਦੇ ਤਾਕੀਦ ਕੀਤੀ ਕਿ ਮੇਰੇ ਸਪੁਤਰ ਚਮਨ ਲਾਲ ਲੱਕੀ, ਜੋ ਕਿ ਇਮਤਿਹਾਨ ਦੇ ਰਿਹਾ ਹੈ, ਨੂੰ ਕਲਮਾਂ ਜ਼ਰੂਰ ਹੀ ਪਹੁੰਚਾਈਆਂ ਜਾਣ। ਹਾਲ ਕਮਰੇ 'ਚ ਮੇਰਾ ਨਾਮ ਬੋਲਿਆ ਗਿਆ ਤੇ ਮੈਨੂੰ ਉਹ ਕਲਮਾਂ ਦਿੱਤੀਆਂ ਗਈਆਂ। ਆਪ ਅੰਦਾਜ਼ਾ ਲਗਾ ਸਕਦੇ ਹੋ ਕਿ ਬੱਚਿਆਂ ਲਈ ਤਾਲੀਮ ਦਾ ਉਹਨਾਂ ਦੇ ਮਨ 'ਚ ਕਿਤਨਾ ਜਬਰਦਸਤ ਸ਼ੌਕ ਸੀ। ਮੈਂ ਉਹਨਾਂ ਨੂੰ ਪੁਛਿਆ



Sri Satguru Jagjit Singh Ji eLibrary NamdhariElibrary@gmail.com

ਕਿ ਭਾਈਆ ਜੀ ਇਹ ਇਤਨਾ ਜ਼ਬਰਦਸਤ ਸ਼ੌਕ ਤੁਹਾਨੂੰ ਕਿਵੇਂ ਹੋਇਆ ਹੈ ?

ਉਹਨਾਂ ਮੈਨੂੰ ਦਸਿਆ ਕਿ ਤੇਰੇ ਤਾਇਆ ਜੀ ਦਾ ਲੜਕਾ ਮੈਟਰਿਕ ਪਾਸ ਕਰਕੇ ਸ਼ਹਿਰ ਮਾਸਟਰ ਲਗ ਗਿਆ। ਇਕ ਦਿਨ ਜਦ ਪਿੰਡ ਆਇਆ ਤਾਂ ਮੈਂ ਉਹਨੂੰ ਕਿਹਾ ਕਿ ਸੋਹਨ ਲਾਲ ! ਮੇਰੇ ਸਭ ਤੋਂ ਵੱਡੇ ਲੜਕੇ ਨੂੰ ਪੜ੍ਹਾ ਦੇਹ ਤਾਂ ਉਹਨਾਂ ਜਵਾਬ ਦਿੱਤਾ ਚਾਚਾ ਜੀ ਘਾਈ ਦੇ ਮੁੰਡਿਆਂ ਨੇ ਤਾਂ ਘਾਹ ਹੀ ਖੋਤਨਾ ਹੈ, ਇਹਨੇ ਕੀ ਪੜ੍ਹਨਾ ਹੈ। ਭਾਈਆ ਜੀ ਕਹਿਣ ਲੱਗੇ ਇਸ ਗੱਲ ਨੇ ਮੇਰੇ ਮਨ ਤੇ ਬੜੀ ਸੱਟ ਮਾਰੀ ਤੇ ਮੈਂ ਮਨ 'ਚ ਪੱਕਾ ਤਹੱਈਆ ਕੀਤਾ ਕਿ ਮੈਂ ਆਪਣੇ ਸਾਰੇ ਬੱਚਿਆਂ ਨੂੰ ਪੜ੍ਹਾਵਾਂਗਾ ਜ਼ਰੂਰ ਭਾਵੇਂ ਮੈਨੂੰ ਘਰ ਦੇ ਗਹਿਣੇ ਵੇਚਣੇ ਪੈਣ। ਤੇ ਵਾਕਿਆ ਹੀ ਉਹਨਾਂ ਨੇ ਬੱਚਿਆਂ ਦੀ ਤਾਲੀਮ ਲਈ ਘਰ ਦੇ ਸਾਰੇ ਗਹਿਣੇ ਵੇਚ ਦਿਤੇ ਸਨ।

ਉਹਨਾਂ ਵਿਚ ਸੰਤਾਂ ਵਾਲੀਆਂ ਸਿਫਤਾਂ ਸਨ। ਉਹ ਥੋਹੜਾ ਖਾਂਦੇ ਸਨ, ਸੈਰ ਖੂਬ ਕਰਦੇ ਸਨ, ਉਹਨਾਂ ਦਾ ਅਕਾਲ ਚਲਾਣਾ ੯੭ ਸਾਲ ਦੀ ਉਮਰ 'ਚ ਹੋਇਆ ਤੇ ਅੰਤ ਸਮੇਂ ਤਕ ਲੰਬੀ ਸੈਰ ਕਰਦੇ ਰਹੇ। ਬੇਹਦ ਸੰਤੋਖੀ ਸਨ, ਭਾਣੇ 'ਚ ਰਹਿੰਦੇ ਸਨ ਤੇ ਮਨ ਉਹਨਾਂ ਦਾ ਬਹੁਤ ਹੀ ਨਿਰਮਲ ਸੀ। ਇਕਬਾਲ ਨੇ ਲਿਖਿਆ ਹੈ—

ਮਸਜਦ ਤੋ ਬਨਾ ਲੀ ਸ਼ਭ ਭਰ ਮੇਂ
ਈਮਾਂ ਕੀ ਹਰਾਰਤ ਵਾਲੋਂ ਨੇ।
ਮਨ ਆਪਨਾ ਪੁਰਾਨਾ ਪਾਪੀ ਥਾ
ਬਰਸੋਂ ਮੇਂ ਨਮਾਜ਼ੀ ਬਨ ਨਾ ਸਕਾ।

ਪਰ ਸਾਡੇ ਪਿਤਾ ਜੀ ਦਾ ਮਨ ਨਮਾਜ਼ੀ ਸੀ, ਪਵਿੱਤਰ ਸੀ, ਨਿਰਮਲ ਸੀ—

ਕਬੀਰ ਮਨੁ ਨਿਰਮਲੁ ਭਇਆ,
ਜੈਸਾ ਗੰਗਾ ਨੀਰ॥
ਪਾਛੈ ਲਾਗੋ ਹਰਿ ਫਿਰੈ,
ਕਹਤ ਕਬੀਰ ਕਬੀਰ॥

ਉਹਨਾਂ ੯੭ ਸਾਲ ਦੀ ਆਯੂ ਅਨੰਦਮਈ ਗੁਜ਼ਾਰੀ ਤੇ ਗਏ ਵੀ ਇਸ ਪ੍ਰਕਾਰ ਹਨ, ਜਿਸ ਤਰ੍ਹਾਂ ਸੰਤ ਸੰਸਾਰ ਤੋਂ ਜਾਂਦੇ ਹਨ। ਅਖੀਰ ਸਮੇਂ ਕੋਈ ਦੁਖ ਨਹੀਂ, ਹਾਏ ਤਕ ਨਹੀਂ ਕੀਤੀ ਤੇ ਅਡੋਲ ਹੀ ਜਿਵੇਂ ਸੁੱਤੇ ਪਏ ਸਨ ਸੁੱਤੇ ਹੀ ਰਹਿ ਗਏ ਤੇ ਅੰਮ੍ਰਿਤ ਵੇਲੇ ੩-੫੦ ਵਜੇ ਸੁਆਸਾਂ ਦੀ ਪੂੰਜੀ ਜੋ ਵਹਿਗੁਰੂ ਵਲੋਂ ਬਖਸ਼ੀ ਸੀ ਮੁਕਾ ਲਈ। ਵੇਖੋ ਕੈਸਾ ਕੁਦਰਤੀ ਕ੍ਰਿਸ਼ਮਾ ਹੈ ਕਿ ਸਾਡੇ ਪੂਜਯੋਗ ਮਾਤਾ ਜੀ ਭੀ ੯ ਜਨਵਰੀ ੧੯੬੨ ਨੂੰ ੩-੫੦ ਵਜੇ ਸਵੇਰੇ ਗੁਜ਼ਰੇ ਸਨ ਤੇ ੩੨ ਸਾਲ ਬਾਦ ਪਿਤਾ ਜੀ ਭੀ ਉਸੇ ਤਾਰੀਖ ੯ ਜਨਵਰੀ ਤੇ ਸਮੇਂ ੩-੫੦ ਵਜੇ ਗੁਜ਼ਰੇ ਹਨ।

ਉਨ੍ਹਾਂ ਦੀ ਮੌਤ 'ਤੇ ਸਾਨੂੰ ਕੋਈ ਰੋਣ ਨਹੀਂ ਆਇਆ, ਕਿਉਂਕਿ—

ਕਬੀਰ ਸੰਤ ਮੂਏ ਕਿਆ ਰੋਈਐ
ਜੋ ਅਪੁਨੇ ਗ੍ਰਿਹਿ ਜਾਇ।
ਰੋਵਹੁ ਸਾਕਤ ਬਾਪੁਰੇ
ਜੋ ਹਾਟੈ ਹਾਟ ਬਿਕਾਇ॥

ਉਹਨਾਂ ਦਾ ਅਮਲੀ ਤੌਰ ਤੇ ਜੀਵਨ ਸੰਤਾਂ ਵਰਗਾ ਸੀ।

ਮਰਨ ਤੋਂ ਕੁਝ ਸਾਲ ਪਹਿਲਾਂ ਮੈਂ ਗੱਲਾਂ ਕਰਦਿਆਂ ਇਕ ਦਿਨ ਭਾਈਆ ਜੀ ਨੂੰ ਪੁਛਿਆ ਕਿ ਤੁਸੀਂ ਖੁਸ਼ ਹੋ ਤਾਂ ਜਵਾਬ ਸੀ—ਮੇਰੇ ਵਰਗਾ ਖੁਸ਼ ਸੰਸਾਰ 'ਚ ਕੌਣ ਹੈ, ਜਿਸ ਦੀ ਔਲਾਦ ਇਤਨੀ ਲਾਇਕ ਫਰਮਾਬਰਦਾਰ, ਨੇਕ ਤੇ ਤਰੱਕੀ-ਯਾਫ਼ਤਾ ਹੈ।

੫੮੭ ਮੋਤਾ ਸਿੰਘ ਨਗਰ, ਜਲੰਧਰ

ਮਿੰਨੀ ਕਹਾਣੀ

## ਬਦਲ ਚੁਕੀ ਜ਼ਿੰਦਗੀ

—ਸ਼ਿੰਦਰ ਕੌਰ, ਦਿੱਲੀ

ਬਾਹਰੋਂ ਆਵਾਜ਼ ਆਈ, "ਲੱਸੀ......"

...ਤੇ ਮੈਂ ਆਪਣੇ ਘਰ ਦੀ ਖਿੜਕੀ ਵਿਚੋਂ ਤੱਕਿਆ, ਇਕ ਗਰੀਬੜਾ ਜਿਹਾ ਭਾਈ ਇਕ ਗਾਗਰ ਸਿਰ 'ਤੇ ਚੁਕੀ ਆਵਾਜ਼ ਲਗਾ ਰਿਹਾ ਸੀ, "ਲੱਸੀ ਲਓ...ਲੱਸੀ।" ਮੈਂ ਸੋਚ ਰਹੀ ਸਾਂ ਕਿ ਪਿੰਡ ਵਿਚ ਹੁੰਦਿਆਂ ਇਹੋ ਜਿਹੇ ਭਾਈਆਂ ਦੀਆਂ ਬਾਲਟੀਆਂ ਮੈਂ ਆਪ ਸੰਘਣੀ ਲੱਸੀ ਨਾਲ ਭਰ ਦਿੰਦੀ ਹੁੰਦੀ ਸਾਂ। ਚਾਟੀ ਭਰਕੇ ਦਹੀਂ ਦੀ ਰਿੜਕਣੀ। ਦੋ ਸੇਰ ਦਾ ਛੰਨਾ ਮੱਖਣ ਦਾ ਭਰਕੇ ਕੱਢਣਾ। ਲੋੜ ਜਿੰਨੀ ਲੱਸੀ ਰੱਖ ਕੇ ਬਾਕੀ ਦੀ ਗਰੀਬਾਂ ਦੀਆਂ ਬਾਲਟੀਆਂ ਵਿਚ ਪਲਟ ਦੇਣੀ। ...ਤੇ ਅੱਜ ਉਹੋ ਜਿਹਾ ਈ ਇਕ ਭਾਈ ਪੰਜ ਰੁਪੈ ਦਾ ਪਤਲੀ ਪਾਣੀ ਵਰਗੀ ਲੱਸੀ ਦਾ ਗਲਾਸ ਸਾਨੂੰ ਵੇਚ ਰਿਹਾ ਹੈ ! ਇਹ ਹੈ ਸ਼ਹਿਰਾਂ ਦੀ ਬਦਲ ਚੁਕੀ ਜ਼ਿੰਦਗੀ !!



Sri Satguru Jagjit Singh Ji eLibrary NamdhariElibrary@gmail.com

ਕਵਿਤਾ

# ਕੈਸੇ ਨੇ ਹਮਸਾਏ ਲੋਕ.........

—ਨੀਲਮ ਸੰਜੀਵ

ਕੀਹਨੂੰ ਦੱਸਾਂ, ਕਿੱਦਾਂ ਦੱਸਾਂ, ਕੈਸੇ ਨੇ ਹਮਸਾਏ ਲੋਕ।
ਉਪਰੋਂ ਖੁਸ਼ ਖੁਸ਼ ਰਹਿੰਦੇ, ਅੰਦਰੋਂ ਸਭ ਘਬਰਾਏ ਲੋਕ।

ਦਫਤਰ ਆ ਕੇ ਖੌਰੂ ਪਾਂਦੇ, ਘਰ 'ਚੋਂ ਆਏ ਸਤਾਏ ਲੋਕ।
ਕੁਰਸੀ ਉਤੇ ਬੈਠ ਨਾ ਸਕਣ, ਕੁਰਸੀ ਦੇ ਨਸ਼ਿਆਏ ਲੋਕ।

ਘਰ 'ਚੋਂ ਝਿੜਕਾਂ ਖਾ ਕੇ ਔਂਦੇ, ਔਂਦੇ ਈ ਫਿਰ ਰੋਅਬ ਜਮੌਂਦੇ,
ਨੀਅਤ ਅੰਦਰੋਂ ਖੋਟੀ ਐਪਰ, ਬਣਦੇ ਮਾਂ ਪਿਓ ਜਾਏ ਲੋਕ।

ਕਿੰਝ ਦੱਸਾਂ ਮੈਂ ਨੀਤਾਂ ਬੁਰੀਆਂ, ਮੂੰਹ ਵਿਚ ਰਾਮ ਬਗਲ ਵਿਚ ਛੁਰੀਆਂ,
ਫੁੱਲਾਂ ਵਾਂਙੂੰ ਫੁਲ ਫੁਲ ਬਹਿੰਦੇ, ਪਰ ਅੰਦਰੋਂ ਮੁਰਝਾਏ ਲੋਕ।

ਜਿਹੜੇ ਕਰਦੇ ਚਮਚਾਗੀਰੀ, ਦੇਸੀ ਘਿਅ ਦੀ ਖਾਣ ਪੰਜੀਰੀ,
ਚਮਚੇ ਤੋਂ ਬਣ ਜਾਂਦੇ ਕੜਛੀ, ਐਸੇ ਸਾਣ ਚੜ੍ਹਾਏ ਲੋਕ।

ਏਦਾਂ ਪਾਣੀ ਭਰਦੇ ਲੋਕੀ, ਹਾਂ ਜੀ ਹਾਂ ਜੀ ਕਰਦੇ ਲੋਕੀ,
ਮੂੰਹੋਂ ਮੰਗੀ ਲੈਣ ਤਰੱਕੀ, ਬੌਸਾਂ ਦੇ ਵਰਸਾਏ ਲੋਕ।

"ਨੀਲਮ" ਵਕਤ ਗੁਜ਼ਾਰੀ ਜਾਵਾਂ, ਸੱਚ ਆਖਾਂ ਤੇ ਮਾਰੀ ਜਾਵਾਂ,
ਵਧਦਾ ਫੁੱਲਦਾ ਵੇਖ ਨਾ ਸਕਣ, ਹਾੜ੍ਹਾ ਇਹ ਹਲਕਾਏ ਲੋਕ।

ਕੁਆਰਟਰ ਨੰ: ੧੯
J C T ਮਿੱਲ ਫਗਵਾੜਾ



Sri Satguru Jagjit Singh Ji eLibrary NamdhariElibrary@gmail.com

## ਹਾੜ੍ਹਾ ਵੇ ਧਰਮੀ ਬਾਬਲੋ

—ਨੀਲਮ ਸੰਜੀਵ

ਲਹੂ ਦਾ ਰੰਗ ਲਾਲ ਹੈ ? ਹਾਂ ਲਾਲ ਹੈ
ਸਾਰੀ ਹੀ ਦੁਨੀਆਂ ਜਾਣਦੀ
ਤੇ ਸਾਰੇ ਇਸ ਗੱਲ ਨਾਲ ਸਹਿਮਤ ਹਨ
ਕਿ ਇਕੋ ਜਿਹਾ ਹੀ ਸਭ ਦਾ ਖੂਨ ਹੈ ।
ਪਰ ਇਹ ਲਹੂ ਹੁਣ ਚਿੱਟੇ ਤੋਂ ਚਿੱਟਾ ਹੋ ਰਿਹੈ
ਤੇ ਸਸਤੇ ਤੋਂ ਵੀ ਸਸਤਾ ਹੋ ਰਿਹੈ ।
ਸ਼ਾਇਦ ਹੁਣ ਇਸ ਪਿਆਰ ਵਿਚ ਮਹਿਕਾਰ ਨਹੀਂ
ਜਾਂ ਫਿਰ ਦਿਲਾਂ ਨੂੰ ਦਿਲਾਂ ਦੀ ਸਾਰ ਨਹੀਂ
ਦੁਖ ਸੁਖ ਸਾਂਝੇ ਨਹੀਂ, ਕਿਸਦਾ ਕਸੂਰ ਹੈ
ਲਹੂ ਵਿਚਾਰੇ ਦਾ ਕਿ ਜਾਗ਼ਦੇ ਨੈਣਾਂ ਦਾ ਹੈ ਕਸੂਰ
ਇਹਨੂੰ ਤਾਂ ਬਦਨਾਮ, ਐਵੇਂ ਈ ਕੀਤਾ ਜਾ ਰਿਹੈ
ਇਹ ਤਾਂ ਬੇਜ਼ਬਾਨ ਹੈ, ਵਹਾ ਦਿਓ ਵੇ ਧਰਮੀ ਬਾਬਲੋ
ਉੱਚੇ ਮਹੱਲਾਂ ਵਾਲਿਓ, ਹਾੜ੍ਹਾ ਵੇ ਧੀਆਂ ਵਾਲਿਓ
ਪੁਛੋ ਕਿਸੇ ਅੱਧੀ ਜਲੀ ਹੋਈ ਲਾਸ਼ ਤੋਂ
ਜਾਂ ਫਿਰ ਪੁਛੋ, ਕਿਸੇ ਕੋਠੇ ਤੇ ਚੀਕਾਂ ਕੀਹਦੀਆਂ ?
ਜਾਂ ਪੁਛੋ ਕਿਸੇ ਕੰਨਿਆ ਦੇ ਖਰੂੰਡੇ ਹੋਏ ਜਿਸਮ ਤੋਂ
ਜਾਂ ਫਿਰ ਜੰਮਣ ਤੋਂ ਪਹਿਲੋਂ ਮਾਰ ਦੇਣ ਵਾਲੀ ਧੀ ਤੋਂ
ਲਹੂ ਵਿਚਾਰੇ ਦਾ ਚਰਾਗ ਤੇ ਨਿਰਦੋਸ਼ ਹੈ
ਹਾੜ੍ਹਾ ਵੇ ਧਰਮੀ ਬਾਬਲੋ !!

## ਵੇ ਰਾਜਿਆ......

—ਮੁਲਕ ਰਾਜ ਕੋਮਲ

ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀਂ
ਮੇਰਾ ਅੰਗ ਅੰਗ ਚੀਸੇ ਵੀਰਨਾ
ਮੇਰੀਆਂ ਵਿਲਕਣ ਪਈਆਂ ਬੋਟੀਆਂ
ਵੇ ਮੈਂ ਗਈ ਨਾਲ ਜੰਬੂਰਾਂ ਚੂਣੀ
ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀਂ ।

ਮੇਰੀਆਂ ਵੱਖੀਆਂ ਨੇਜ਼ੇ ਵਿੰਨ੍ਹੀਆਂ
ਤੇ ਛਾਤੀਆਂ ਛਵ੍ਹੀਆਂ ਵੱਢੀਆਂ
ਵੇ ਮੈਂ ਗਈ ਰੂੰ ਵਾਂਗ ਧੁਣੀ
ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀ ।

ਮੈਂ ਸਤੀ ਸ ਵਿਤਰੀ ਦੇਸ਼ ਦੀ ਵੀਰਨਾ
ਮੈਂ ਅੱਜ ਰੁਲਦੀ ਗਲੀ ਗਲੀ
ਵੇ ਮੈਂ ਗਈ ਛੱਜੀਂ ਪਰਾਈ ਪੁਣੀ
ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀਂ ।

ਮੈਂ ਕਿਹਨੂੰ ਸੁਣਾਵਾਂ ਰੋਇਕੇ ਵੇ ਵੀਰਨਾ
ਤੇਰੇ ਤੁਾਂ ਵੇ ਕੰਨੀਂ ਰੂੰ ਭਰੀ
ਵੇ ਮੈਂ ਏਸੇ ਝੋਰੇ ਗਈ ਘੁਣੀ
ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀਂ ।

ਭੁੱਖੇ ਵਿਲਕਣ ਬਾਲ ਪਏ
ਨੰਗੀ ਭੈਣ ਤੇ ਧੀ
ਤੰਦਾਂ ਤੰਦਾਂ ਹੋ ਗਈ
ਵੇ ਮੇਰੀ ਸੁਖੀ ਤਾਣੀ ਉਣੀ
ਵੇ ਰਾਜਿਆ ਰਾਜ ਕਰੇਂਦਿਆ
ਮੈਂਢੀ ਗੱਲ ਸੁਣੀ ।



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਸ਼ਰੀਫ਼ ਤੇ ਚੋਰ

—ਯਸ਼ਪਾਲ

ਯਸ਼ਪਾਲ ਹਿੰਦੀ ਸਾਹਿਤ ਦਾ ਚਰਚਿਤ ਨਾਮ ਹੈ। ਜ਼ਿੰਦਗੀ ਦੇ ਵਰਤਾਰਿਆਂ ਨੂੰ ਤੀਖਣਤਾ ਨਾਲ ਘੋਖਣ ਅਤੇ ਪੇਸ਼ ਕਰਨ ਵਾਲਾ। ਅਸਲ ਵਿਚ ਕੌਣ ਸਰੀਫ ਤੇ ਕੌਣ ਚੋਰ ਹੈ, ਇਸ ਰਹਸ ਨੂੰ ਦਰਸਾਉਂਦੀ ਯਸ਼ਪਾਲ ਦੀ ਇਹ ਕਹਾਣੀ ਹੈ। 'ਵਰਿਆਮ' ਵਿਚ ਪਰਸਿੱਧ ਕਹਾਣੀਕਾਰਾਂ ਦੀਆਂ ਕਹਾਣੀਆਂ ਅਗੇ ਵੀ ਛਪਦੀਆਂ ਰਹੀਆਂ ਹਨ। ਆਸ ਹੈ ਪਾਠਕ ਪਸੰਦ ਕਰਨਗੇ।

—ਸੰਪਾਦਕ

ਦੋਸਤ ਨੂੰ ਦਿੱਲੀ ਪਹੁੰਚਣ ਬਾਰੇ ਤਾਰ ਦੇ ਦਿਤੀ ਸੀ, ਪਰ ਬੰਬਈ ਮੇਲ ਡੇਢ ਘੰਟਾ ਦੇਰੀ ਨਾਲ ਸਟੇਸ਼ਨ ਪਹੁੰਚੀ। ਸੋਚਿਆ ਦੋਸਤ ਦੇ ਘਰ ਨਾਸ਼ਤਾ-ਪਾਣੀ ਹੋ ਚੁਕਾ ਹੋਵੇਗਾ, ਉਸਨੂੰ ਨਾਸ਼ਤਾ ਦੁਬਾਰਾ ਬਣਾਨਾ ਪਵੇਗਾ। ਸਮਾਨ ਵੇਟਿੰਗ ਰੂਮ ਦੇ ਬੈਰੇ ਨੂੰ ਦੇ ਦਿਤਾ। ਸਟੇਸ਼ਨ ਦੀ ਕੰਟੀਨ ਵਿਚ ਨਾਸ਼ਤਾ ਕਰ ਲਿਆ। ਵੇਟਿੰਗ ਰੂਮ ਵਿਚ ਵਾਪਸ ਆ ਕੇ ਬਜ਼ੁਰਗ ਬੈਰੇ ਮੀਆਂ ਨੂੰ ਇਕ ਕੁਲੀ ਬੁਲਾਣ ਲਈ ਬੇਨਤੀ ਕੀਤੀ।

ਚੱਲਣ ਵੇਲੇ ਸਿਗਰਟ ਸੁਲਗਾਣ ਦੀ ਇੱਛਾ ਹੋਈ। ਕੇਸ ਵਿਚ ਸਿਗਰਟ ਖਤਮ ਹੋ ਚੁਕੇ ਸਨ। ਸੂਟਕੇਸ ਖੋਲ੍ਹਿਆ, ਨਵਾਂ ਡੱਬਾ ਕੱਢ ਕੇ ਖੋਲ੍ਹ ਰਿਹਾ ਸੀ। ਵੇਟਿੰਗ ਰੂਮ ਦਾ ਦਰਵਾਜ਼ਾ ਖੁਲ੍ਹਿਆ। ਇਕ ਸ਼ਰੀਫ਼ ਦਿਸਦਾ ਨੌਜਵਾਨ ਅੰਦਰ ਆਇਆ। ਹੱਥ ਵਿਚ ਅਖਬਾਰ ਰੂਲ ਵਾਂਗ ਲਪੇਟਿਆ ਹੋਇਆ ਸੀ।

ਯਾਦ ਆਇਆ—ਸਫ਼ਰ ਵਿਚ ਵੀ ਇਹ ਨੌਜਵਾਨ ਕੁਝ ਸਟੇਸ਼ਨਾਂ ਉਪਰ ਦਿਸਿਆ ਸੀ। ਜਦੋਂ ਗੱਡੀ ਕਿਸੇ ਸਟੇਸ਼ਨ ਉਪਰ ਰੁਕਦੀ ਤਾਂ ਮੈਂ ਬੈਠਾ ਬੈਠਾ ਬੋਰ ਹੋਣ ਕਰਕੇ ਲੱਤਾਂ ਹਿਲਾਣ ਲਈ ਪਲੇਟਫਾਰਮ ਉਪਰ ਉਤਰ ਜਾਂਦਾ। ਉਹ ਨੌਜਵਾਨ ਵੀ ਅਖਬਾਰ ਪੜ੍ਹਦਿਆਂ ਜਾਂ ਵੈਸੇ ਹੀ ਤੁਰਦਾ ਫਿਰਦਾ ਮੇਰੇ ਨੇੜਿਓਂ ਲੰਘ ਜਾਂਦਾ। ਸਾਨੂੰ ਇਕ ਦੂਜੇ ਨਾਲ ਮਤਲਬ ਨਹੀਂ ਸੀ, ਇਸੇ ਲਈ ਅੱਖਾਂ ਮਿਲਾ ਕੇ ਵੀ ਨਜ਼ਰਾਂ ਬਚਾ ਲੈਂਦੇ। ਜਿਸ ਵੇਲੇ ਕੰਟੀਨ ਵਿਚ ਨਾਸ਼ਤਾ ਕਰ ਰਿਹਾ ਸਾਂ, ਬੰਬਈ ਮੇਲ ਪੰਜਾਬ ਵਾਲੇ ਪਾਸੇ ਤੁਰ ਚੁਕੀ ਸੀ। ਅੰਦਾਜ਼ਾ ਲਗਾਇਆ, ਸ਼ਾਇਦ ਇਸਨੇ ਇਥੋਂ ਗੱਡੀ ਬਦਲਣੀ ਹੈ। ਵੇਟਿੰਗ ਰੂਮ ਵਿਚ ਬਹਿ ਕੇ ਉਡੀਕ ਕਰੇਗਾ।

ਨੌਜਵਾਨ ਵੇਟਿੰਗ ਰੂਮ ਵਿਚ ਆਂਦਿਆਂ ਮੇਰੇ ਵਲ ਹੀ ਵੇਖ ਰਿਹਾ ਸੀ। ਅੱਖਾਂ ਮਿਲ ਗਈਆਂ। ਉਸ ਨੇ ਨੇੜੇ ਆਕੇ ਕੁਝ ਝਿਜਕ ਨਾਲ ਅੰਗਰੇਜ਼ੀ ਵਿਚ ਮੈਨੂੰ ਸੰਬੋਧਨ ਕੀਤਾ, "ਜੇ ਤੁਸੀਂ ਇਕ ਮਿੰਟ ਬੈਠੋ ਤਾਂ ਕੋਈ ਗੱਲ ਕਰਨੀ ਚਾਹੁੰਦਾ ਹਾਂ!"

ਨੌਜਵਾਨ ਦੀ ਆਵਾਜ਼ ਤੇ ਅਦਾਇਗੀ ਵਿਚ ਸੰਕੋਚ ਅਤੇ ਅਨਿਸਚੇ ਲਗਿਆ। ਅਚਾਨਕ ਕਲਪਨਾ ਕੀਤੀ—ਹੂੰ..ਉਹੀ ਗੱਲ ਹੋਵੇਗੀ, ਗੱਡੀ ਤੋਂ ਉਤਰਕੇ ਫਾਟਕ ਤੇ ਗਿਆ। ਟਿਕਟ ਦੇਣ ਲਈ ਜੇਬ੍ਹ ਵਿਚ ਹੱਥ ਪਾਇਆ। ਟਿਕਟ ਬਟੂਏ ਵਿਚ ਰਖਿਆ ਸੀ ..ਪਰ ਬਟੂਆ ਹੀ ਗਾਇਬ! ਸ਼ਰਮ ਦਾ ਮਾਰਿਆ ਕੁਝ ਨਹੀਂ ਕਹਿ ਸਕਦਾ। ਮੇਰਾ ਪਤਾ ਲਿਖ ਲਵੋ ..ਇਕ ਸ਼ਰੀਫ਼ ਆਦਮੀ ਹੋਣ ਦੇ ਨਾਤੇ ਜਿਹੜੀ ਮਦਦ ਤੁਸੀਂ ਕਰੋਗੇ, ਉਸ ਕਰਜ਼ੇ ਨੂੰ ਵਾਪਸ ਦੇਣਾ ਆਪਣਾ ਫਰਜ਼ ਸਮਝਾਂਗਾ...ਆਦਿ ਆਦਿ। ਸ਼ਰਾਫਤ ਅਤੇ ਪਰਦੇ ਹੇਠ ਲੁਟਣ ਵਾਲੇ ਧੋਖੇਬਾਜ਼ ਸ਼ਰੀਫ਼ ਲੋਕਾਂ ਦੀ ਪੂਰੀ ਤਸਵੀਰ ਕਲਪਨਾ ਵਿਚੋਂ ਲੰਘ ਗਈ। ਐਸੇ ਆਦਮੀ ਸ਼ਰੀਫ਼ ਲੋਕਾਂ ਦਾ ਇਹ ਫਰਜ਼ ਸਮਝਦੇ ਹਨ ਕਿ ਸ਼ਰੀਫ਼ ਸ਼੍ਰੇਣੀ ਦੀ ਇੱਜ਼ਤ ਦੀ ਰਾਖੀ ਲਈ ਸਾਡੇ ਜਿਹੇ ਲੋਕਾਂ ਨੂੰ ਠੱਗੀ ਦਾ ਸ਼ਿਕਾਰ ਬਣਨਾ ਚਾਹੀਦਾ ਹੈ।

ਦਿਲ ਵਿਚ ਜਾਗੀ ਇਸ ਕਲਪਨਾ ਨੂੰ ਦਬਾ ਕੇ ਸ਼ਰੀਫ਼ ਲੋਕਾਂ ਵਾਲਾ ਵਿਹਾਰ ਕਰਨ ਲਈ ਸਿਗਰਟ ਦਾ ਨਵਾਂ ਖੋਲ੍ਹਿਆ ਡੱਬਾ ਨੌਜਵਾਨ ਵਲ ਵਧਾ ਕੇ ਜਵਾਬ ਦਿਤਾ, "ਪੀਂਦੇ ਹੋ! ਲਵੋ।"

ਨੌਜਵਾਨ ਨੇ ਨਿਮਰਤਾ ਨਾਲ ਧੰਨਵਾਦ ਕਰਕੇ ਸਿਗਰਟ ਲੈ ਲਿਆ। ਕੁਰਸੀ ਬਿਲਕੁਲ ਨੇੜੇ ਖਿਚ ਕੇ ਮੇਰੇ ਸਿਗਰਟ ਸੁਲਗਾਣ ਦੀ ਉਡੀਕ ਵਿਚ ਹੱਥ ਵਿਚ ਫੜੀ ਅਖਬਾਰ ਨੂੰ ਰੋਲ ਵਾਂਗ ਲਪੇਟਦਿਆਂ ਉਸ ਨੇ ਕਿਹਾ, "ਤੁਸੀਂ ਬੈਠੋ, ਮੈਂ ਇਕ ਹੀ ਗੱਲ ਪੁੱਛਣੀ ਹੈ।"

ਨੌਜਵਾਨ ਦੇ ਵਿਹਾਰ ਨਾਲ ਕੁਝ ਹੈਰਾਨੀ ਹੋਈ। ਇਕ ਸਿਗਰਟ ਆਪਣੇ ਬੁੱਲ੍ਹਾਂ ਵਿਚ ਰਖਿਆ। ਮਾਚਸ ਬਾਲ ਕੇ ਪਹਿਲਾਂ ਨੌਜਵਾਨ ਵਲ ਵਧਾ ਕੇ ਪੁਛਿਆ, "ਹੁਕਮ ਕਰੋ।" ਉਸਨੇ ਸਿਗਰਟ ਸੁਲਗਾ ਲਈ ਅਤੇ ਮੈਨੂੰ ਬੈਠਣ ਦੀ ਬੇਨਤੀ



Sri Satguru Jagjit Singh Ji eLibrary NamdhariElibrary@gmail.com

ਦੁਹਰਾਈ। ਹੁਣ ਸ਼ੱਕ ਹੋਇਆ, ਸ਼ਾਇਦ ਗੁਪਤਚਰ ਪੁਲਸ ਦਾ ਆਦਮੀ ਹੈ, ਪਰ ਮੇਰੇ ਨਾਲ ਕੀ ਵਾਸਤਾ। ਬੈਠ ਕੇ ਮੈਂ ਫਿਰ ਪੁਛਿਆ, "ਬੋਲੋ !"

ਨੌਜਵਾਨ ਮੇਰੇ ਨਾਲ ਅੱਖਾਂ ਮਿਲਾ ਕੇ ਅੰਗਰੇਜ਼ੀ ਵਿਚ ਬੋਲਿਆ ਅਤੇ ਉਸਨੇ ਭਰੋਸਾ ਦਿਵਾਇਆ, "ਮੇਰੀ ਗੱਲ ਤੋਂ ਪਰੇਸ਼ਾਨ ਨਾ ਹੋਵੋ। ਵਿਸ਼ਵਾਸ ਰੱਖੋ ..ਮੇਰੇ ਤੋਂ ਤੁਹਾਨੂੰ ਕਿਸੇ ਕਿਸਮ ਦਾ ਨੁਕਸਾਨ ਜਾਂ ਦੁਖ ਨਹੀਂ ਹੋਵੇਗਾ।" ਅਤੇ ਫਿਰ ਕੁਝ ਝਿਜਕ ਨਾਲ ਬੋਲਿਆ, "...ਇਹ ਦੱਸ ਦਿਓ, ਤੁਹਾਡੇ ਕੋਲ ਹਜ਼ਾਰ-ਹਜ਼ਾਰ ਦੇ ਚਾਲੀ ਨੋਟ ਹਨ ?"

ਸਰੀਰ ਵਿਚ ਬਿਜਲੀ ਜੇਹੀ ਦੌੜ ਗਈ। ਪਹਿਲਾਂ ਸ਼ੱਕ ਹੋਇਆ ਕਿ ਹੁਣ ਪਿਸਤੌਲ ਕਢੇਗਾ। ਪਿਸਤੌਲ ਨਹੀਂ ਦਿਸਿਆ। ਦਿਲ ਵਿਚੋਂ ਦੂਜਾ ਸ਼ੱਕ ਨਿਕਲਿਆ .. ਛੋਹ ਕੇ ਵੇਖਾਂ ਨੋਟ ਸੁਰਖਿਅਤ ਹਨ ਕਿ ਨਹੀਂ। ਪਰ ਸਾਵਧਾਨੀ ਦੇ ਤੌਰ ਤੇ ਇਸ ਤਰ੍ਹਾਂ ਵੀ ਨਾ ਕੀਤਾ।

ਵੇਟਿੰਗ ਰੂਮ ਵਿਚ ਅਸੀਂ ਦੋਵੇਂ ਸਾਂ। ਮੈਨੂੰ ਇਕੱਲਾ ਵੇਖ ਕੇ ਹੀ ਉਹ ਆਇਆ ਸੀ। ਬਜ਼ੁਰਗ ਬੈਰਾ ਸ਼ਰੀਫ਼ ਲੋਕਾਂ ਦੇ ਨੇਮਾਂ ਤੋਂ ਜਾਣੂ ਸੀ। ਦੋ ਸ਼ਰੀਫ਼ ਬੰਦਿਆਂ ਨੂੰ ਨੇੜੇ ਬਹਿ ਕੇ ਆਪਣੀ ਗੱਲ ਕਰਦਿਆਂ ਵੇਖ ਕੇ ਉਹ ਓਹਲੇ ਹੋ ਗਿਆ। ਆਪਣੀ ਘਬਰਾਹਟ ਲੁਕਾਣ ਲਈ ਸਿਗਰਟ ਦੇ ਧੂੰਏਂ ਤੋਂ ਅੱਖਾਂ ਸੜਨ ਦਾ ਬਹਾਨਾ ਕਰਕੇ, ਪਲਕਾਂ ਸੁੰਗੜਾਕੇ ਮੈਂ ਪ੍ਰਸ਼ਨ ਨਾਲ ਹੀ ਉੱਤਰ ਦਿਤਾ, "ਕੀ ? ...ਮੈਂ ਸਮਝਿਆ ਨਹੀਂ ਕਿਹੜੇ ਨੋਟ ?"

ਨੌਜਵਾਨ ਨੇ ਗੰਭੀਰਤਾ ਨਾਲ ਸਮਝਾਇਆ, "ਜੇ ਤੁਹਾਡੇ ਕੋਲ ਚਾਲੀ ਹਜ਼ਾਰ ਰੁਪਿਆ ਹੈ ਅਤੇ ਤੁਸੀਂ ਡਰ ਕਾਰਣ 'ਨਹੀਂ' ਕਹਿ ਦਿਓਗੇ, ਤਾਂ ਇਕ ਆਦਮੀ ਦੀ ਜਾਨ ਅਜਾਈਂ ਚਲੀ ਜਾਵੇਗੀ।

ਨੌਜਵਾਨ ਦੀ ਗੱਲ ਨਾਲ ਹੌਸਲੇ ਦੀ ਥਾਂ ਘਬਰਾਹਟ ਹੀ ਵਧੀ। ਉੱਤਰ ਦਿਤਾ, "ਕਿਸਦੀ ਜਾਨ... ਕਿਹੜਾ ਚਾਲੀ ਹਜ਼ਾਰ ..ਤੁਹਾਡਾ ਮਤਲਬ ਕੀ ਹੈ ?"

ਮੇਰੀ ਘਬਰਾਹਟ ਨੌਜਵਾਨ ਤੋਂ ਲੁਕੀ ਨਾ ਰਹੀ। ਨੌਜਵਾਨ ਨੇ ਆਪਣੀ ਕੁਰਸੀ ਮੇਰੇ ਵਲ ਸਰਕਾ ਲਈ ਅਤੇ ਸਿਗਰਟ ਦਾ ਕਸ਼ ਖਿੱਚ ਕੇ ਬੋਲਿਆ, "ਤੁਸੀਂ ਘਬਰਾਵੋ ਨਾ, ਸਾਰਾ ਕੁਝ ਦੱਸ ਦਿਓ। ਜੇ ਤੁਹਾਡੇ ਕੋਲ ਰੁਪਏ ਹਨ ਤਾਂ ਵੀ ਹੁਣ ਤੁਹਾਨੂੰ ਕੋਈ ਖ਼ਤਰਾ ਨਹੀਂ। ਮੈਂ ਸਿਰਫ਼ ਜਾਣਨਾ ਚਾਹੁੰਦਾ ਹਾਂ ਕਿ ਇਸ ਮਾਮਲੇ ਵਿਚ ਮੈਨੂੰ ਧੋਖਾ ਤਾਂ ਨਹੀਂ ਦਿਤਾ ਗਿਆ ? ਬੰਬਈ ਤੋਂ ਆਂਦਿਆਂ ਤੁਹਾਨੂੰ ਮਨਮਾੜ ਵਿਚ ਤਿੰਨ ਸੌ ਰੁਪਏ ਦਾ ਵੇਚਿਆ ਗਿਆ। ਉਸ ਤੋਂ ਬਾਅਦ ਮੈਂ ਤੁਹਾਨੂੰ ਇਟਾਰਸੀ ਸਟੇਸ਼ਨ ਤੇ ਦੋ ਸੌ ਰੁਪਏ ਵਿਚ ਖਰੀਦਿਆ। ਮੈਂ ਸਿਰਫ਼ ਇਹ ਜਾਣਨਾ ਚਾਹੁੰਦਾ ਹਾਂ ਕਿ ਸਾਨੂੰ ਧੋਖਾ ਤਾਂ ਨਹੀਂ ਦਿਤਾ ਗਿਆ ?" ਨੌਜਵਾਨ ਸਿਗਰਟ ਦੇ ਕਸ਼ ਖਿਚਦਾ ਉਤਰ ਦੀ ਉਡੀਕ ਵਿਚ ਮੇਰੇ ਵਲ ਵੇਖਦਾ ਰਿਹਾ।

ਉਸਦੇ ਹੱਥ ਵਿਚ ਪਿਸਤੌਲ ਜਾਂ ਚਾਕੂ ਨਾ ਵੇਖ ਕੇ ਕੁਰਸੀ ਉਪਰ ਪਾਸਾ ਮੋੜਦਿਆਂ ਮੈਂ ਆਪਣੇ ਪੈਸੇ ਸੁਰਖਿਅਤ ਵੇਖ ਕੇ ਥੋੜ੍ਹੇ ਗੁੱਸੇ ਨਾਲ ਜਵਾਬ ਦਿੱਤਾ, "ਮੇਰੇ ਕੋਲ ਕੋਈ ਰੁਪਿਆ ਸੁਪਿਆ ਨਹੀਂ। ਤੂੰ ਬੜਾ ਅਜੀਬ ਬੰਦਾ ਹੈਂ। ਮੈਨੂੰ ਵੇਚਣ ਤੇ ਖਰੀਦਣ ਤੋਂ ਮਤਲਬ ?.. ਤੁਸੀਂ ਡਕੈਤੀ ਤੇ ਕਤਲ ਕਰਦੇ ਹੋ ਅਤੇ ਧੋਖੇ ਦੀ ਸ਼ਿਕਾਇਤ ਵੀ ਕਰਦੇ ਹੋ। ਤੁਹਾਡੇ ਵਰਗੇ ਬੰਦੇ ਨੂੰ ਤਾਂ ਪੁਲਸ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ।"

ਨੌਜਵਾਨ ਨੇ ਸਿਗਰਟ ਨੂੰ ਵੰਗਾਰਦੀ ਉਂਗਲ ਵਾਂਗ ਉਪਰ ਚੁੱਕ ਕੇ ਮੈਨੂੰ ਟੋਕਿਆ, "ਪੁਲਸ ਨੂੰ ਮੇਰੀ ਸ਼ਿਕਾਇਤ ਕਰਨ ਦਾ ਕੋਈ ਫ਼ਾਇਦਾ ਨਹੀਂ ਉਸਦਾ ਪ੍ਰਬੰਧ ਅਸੀਂ ਪਹਿਲਾਂ ਹੀ ਕਰਕੇ ਰਖਦੇ ਹਾਂ। ਤੁਹਾਨੂੰ ਬੇਕਾਰ ਤਕਲੀਫ ਹੀ ਹੋਵੇਗੀ। ਤੁਹਾਡੀ ਜੇਬ ਕਟੀ ਤਾਂ ਨਹੀਂ। ਸ਼ਿਕਾਇਤ ਕਿਸ ਗੱਲ ਦੀ ਕਰੋਗੇ ? ਧੋਖਾ ਤਾਂ ਮੇਰੇ ਨਾਲ ਹੋਇਆ ਹੈ, ਪਰ ਮੈਂ ਆਪਣੇ ਨਾਲ ਹੋਏ ਧੋਖੇ ਲਈ ਪੁਲਸ ਦੇ ਸਾਹਮਣੇ ਲਿਲਕੜੀਆਂ ਨਹੀਂ ਕੱਢਾਂਗਾ। ਐਸੇ ਧੋਖੇ ਅਤੇ ਬੇਇਨਸਾਫ਼ੀ ਦੀ ਸਜ਼ਾ ਦੇਣਾ ਪੁਲਸ ਦੇ ਹੱਕ ਤੇ ਸਮਰਥਾ ਵਿਚ ਨਹੀਂ ਆਉਂਦਾ। ਪੁਲਸ ਸਾਡੇ ਪ੍ਰਬੰਧ ਨੂੰ ਨਹੀਂ ਮੰਨਦੀ। ਐਸੀਆਂ ਬੇਇਨਸਾਫੀਆਂ ਦੀ ਸਜ਼ਾ ਅਸੀਂ ਆਪ ਦਿਆਂਗੇ ਪਰ ਹੁਣ ਤੁਸੀਂ ਡਰ ਨਾ ਹੋਣ ਤੇ ਵੀ ਆਪਣੇ ਕੋਲ ਰੁਪਿਆ ਹੋਣ ਤੋਂ ਮਨ੍ਹਾ ਕਰੋਗੇ ਤਾਂ ਨਤੀਜੇ ਵਜੋਂ ਬੇਇਨਸਾਫ਼ੀ ਹੋ ਜਾਵੇਗੀ।"

ਐਸੇ ਹਿੰਮਤੀ ਤੇ ਸਾਫ ਸਪਸ਼ਟ ਬੰਦੇ ਤੋਂ ਵਿਸ਼ਵਾਸ ਤੇ ਹਿੰਮਤ ਲੈ ਕੇ ਵੀ ਮੈਂ ਆਪਣੇ ਕੋਲ ਰੁਪਿਆ ਹੋਣਾ ਨਾ ਮੰਨਿਆ। ਸਗੋਂ ਉਲਟਾ ਉਸਨੂੰ ਪੁੱਛਿਆ, "ਇਹ ਸਾਰਾ ਚੱਕਰ ਕੀ ਹੈ ? ਮੈਨੂੰ ਕੁਝ ਸਮਝ ਨਹੀਂ ਆ ਰਿਹਾ। ਮੇਰੇ ਕੋਲ ਰੁਪਿਆ ਹੋਣ ਨਾਲ ਤੁਹਾਡਾ ਮਤਲਬ ? ਮੇਰੇ ਕੋਲ ਰੁਪਏ ਨਾ ਹੋਣ ਤਾਂ ਕਿਸੇ ਦੀ ਜਾਨ ਕਿਉਂ ਜਾਵੇਗੀ ?"

ਨੌਜਵਾਨ ਮੈਨੂੰ ਭਰੋਸਾ ਦਿਵਾਣ ਲਈ ਹੱਥ ਚੁਕ ਕੇ ਬੋਲਿਆ, "ਤੁਸੀਂ ਕਲ੍ਹ ਇਕ ਵਜੇ ਬੈਂਕ ਤੋਂ ਹਜ਼ਾਰ ਹਜ਼ਾਰ ਦੇ ਚਾਲ੍ਹੀ ਨੋਟ ਲਏ ਸਨ !...ਤੁਸੀਂ ਬੈਂਕ ਤੋਂ ਸਿੱਧੇ



Sri Satguru Jagjit Singh Ji eLibrary NamdhariElibrary@gmail.com

ਸਟੇਸ਼ਨ ਆਏ ਸੀ। ਨੋਟ ਲੈ ਕੇ ਤੁਸੀਂ ਆਪਣੇ ਕੋਟ ਦੀ ਅੰਦਰਲੀ ਜੇਬ੍ਹ ਵਿਚ ਰੱਖੇ ਸਨ। ਟਿਕਟ ਤੁਸੀਂ ਆਪ ਨਹੀਂ ਖਰੀਦੀ। ਤੁਹਾਡੇ ਨੌਕਰ ਜਾਂ ਮੁਨਸ਼ੀ ਨੇ ਖਰੀਦ ਕੇ ਦਿੱਤੀ ਸੀ। ਇਹ ਠੀਕ ਹੈ?" ਆਪਣੇ ਬਾਰੇ ਐਨੀਆਂ ਸੱਚੀਆਂ ਗੱਲਾਂ ਸੁਣ ਕੇ ਘਬਰਾਹਟ ਵੀ ਵਧੀ ਅਤੇ ਹੈਰਾਨ ਹੋ ਕੇ ਦੁਹਾਈ ਦਿੱਤੀ, "ਪਤਾ ਨਹੀਂ ਤੂੰ ਕਿਸ ਦੀ ਗੱਲ ਕਰ ਰਿਹਾ ਹੈਂ? ਕਿਸਦਾ ਰੁਪਿਆ? ਮੈਨੂੰ ਬੇਕਾਰ ਕਿਉਂ ਘੜੀਸ ਰਹੇ ਹੋ?"

ਮੇਰੇ ਮਤਲਬ ਨਾਲ ਨੌਜਵਾਨ ਦੀ ਚਿੰਤਾ ਹੋਰ ਵਧ ਗਈ। ਉਸਨੇ ਮੈਨੂੰ ਫਿਰ ਸਮਝਾਣਾ ਚਾਹਿਆ, "ਜਿਸ ਬੰਦੇ ਨੇ ਬੈਂਕ ਤੋਂ ਤੁਹਾਡਾ ਪਿੱਛਾ ਕੀਤਾ ਸੀ ਉਹ ਮਨਮਾੜ ਸਟੇਸ਼ਨ ਤਕ ਤੁਹਾਡੇ ਪਿੱਛੇ ਆਇਆ ਸੀ। ਉਥੇ ਉਹਦੇ ਇਲਾਕੇ ਦੀ ਹੱਦ ਖ਼ਤਮ ਹੋ ਗਈ। ਉਸਦਾ ਕਹਿਣਾ ਹੈ ਕਿ ਬੰਬਈ ਤੋਂ ਗੱਡੀ ਚਲਣ ਤੱਕ ਰੁਪਏ ਤੁਹਾਡੇ ਕੋਟ ਦੀ ਅੰਦਰਲੀ ਜੇਬ੍ਹ ਵਿਚ ਜ਼ਰੂਰ ਸਨ। ਉਸ ਤੋਂ ਬਾਅਦ ਤੁਸੀਂ ਭਾਵੇਂ ਕਿਧਰੇ ਵੀ ਰਖ ਲਏ ਹੋਣ। ਮਨਮਾੜ ਵਿਚ ਉਸਨੇ ਤਿੰਨ ਸੌ ਰੁਪਏ ਲੈ ਕੇ ਤੁਹਾਨੂੰ ਦੂਸਰੇ ਬੰਦੇ ਕੋਲ ਵੇਚ ਦਿੱਤਾ। ਇਹ ਦੂਜਾ ਬੰਦਾ ਇਟਾਰਸੀ ਤਕ ਤੁਹਾਡੇ ਰੁਪਏ ਰਖਣ ਦੀ ਥਾਂ ਭਾਪਣ ਦੀ ਕੋਸ਼ਿਸ਼ ਕਰਦਾ ਰਿਹਾ। ਇਟਾਰਸੀ ਤਕ ਅਸਫਲ ਰਹਿ ਕੇ ਉਸਨੇ ਮੇਰੇ ਨਾਲ ਗੱਲ ਕੀਤੀ ਅਤੇ ਇਕ ਸੌ ਰੁਪਏ ਦਾ ਨੁਕਸਾਨ ਕਰਕੇ ਉਸਨੇ ਤੁਹਾਨੂੰ ਦੋ ਸੌ ਰੁਪਏ ਵਿਚ ਮੇਰੇ ਕੋਲ ਵੇਚ ਦਿੱਤਾ। ਮੈਂ ਸਾਰੀਆਂ ਕੋਸ਼ਿਸ਼ਾਂ ਕਰਕੇ ਹਾਰ ਗਿਆ ਹਾਂ ਪਰ ਪਤਾ ਨਹੀਂ ਲਗਾ ਸਕਿਆ ਕਿ ਜੇ ਤੁਹਾਡੇ ਕੋਲ ਰੁਪਿਆ ਹੈ ਤਾਂ ਤੁਸੀਂ ਕਿਥੇ ਰਖਿਆ ਹੈ? ਤੁਹਾਡੇ ਕੋਟ ਦੀ ਜੇਬ ਵਿਚ ਸਿਰਫ ਇਕ ਨੋਟ ਇਕ ਸੌ ਰੁਪਏ ਦਾ ਅਤੇ ਦਸ-ਦਸ ਦੇ ਦੋ-ਤਿੰਨ ਨੋਟ ਹਨ। ਤੁਹਾਡੇ ਕੋਟ ਤੇ ਪੈਂਟ ਵਿਚ ਚਾਰ-ਚਾਰ ਜੇਬ੍ਹਾਂ ਨਹੀਂ ਹਨ। ਤੁਸੀਂ ਮਾਰਵਾੜੀਆਂ ਵਾਂਗ ਕਮੀਜ਼ ਦੇ ਹੇਠਾਂ ਜੇਬ੍ਹ ਵਾਲੀ ਬਨੈਣ ਵੀ ਨਹੀਂ ਪਾਂਦੇ। ਤੁਹਾਡੇ ਲੱਕ ਦੁਆਲੇ ਤੜਾਗੀ ਵੀ ਨਹੀਂ ਹੈ। ਤੁਸੀਂ ਰੁਪਏ ਬੂਟਾਂ ਵਿਚ ਵੀ ਨਹੀਂ ਰੱਖੇ...ਨਹੀਂ ਤਾਂ ਤੁਸੀਂ ਰਾਤੀਂ ਸੌਣ ਵੇਲੇ ਬੂਟ ਲਾਹ ਕੇ ਹੇਠਾਂ ਨਾ ਰਹਿਣ ਦਿੰਦੇ। ਜੇ ਰੁਪਏ ਸੂਟਕੇਸ ਜਾਂ ਬੈਗ ਵਿਚ ਹੁੰਦੇ ਤਾਂ ਤੁਸੀਂ ਨਿਸ਼ਚਿੰਤ ਹੋ ਕੇ ਟਹਿਲਣ ਲਈ ਪਲੇਟਫਾਰਮ ਉਪਰ ਵੀ ਨਾ ਉਤਰਦੇ ਅਤੇ ਨਾ ਹੀ ਨਾਸ਼ਤਾ ਕਰਨ ਵੇਲੇ ਸਮਾਨ ਲਾਪ੍ਰਵਾਹੀ ਨਾਲ ਛੱਡ ਜਾਂਦੇ। ਮੈਂ ਇਹ ਵੀ ਨਹੀਂ ਪੁਛਣਾ ਚਾਹੁੰਦਾ ਕਿ ਤੁਸੀਂ ਰੁਪਿਆ ਕਿਥੇ ਰਖਿਆ ਹੈ? ਇਹ ਮੈਂ ਆਪ ਜਾਣਨ ਦੀ ਕੋਸ਼ਿਸ਼ ਕਰਾਂਗਾ। ਮੈਂ ਸਿਰਫ ਇਹ ਜਾਣਨਾ ਚਾਹੁੰਦਾ ਹਾਂ ਸਾਨੂੰ ਧੋਖਾ ਤਾਂ ਨਹੀਂ ਦਿਤਾ ਗਿਆ। ਆਪਣੀ ਅਸਫਲਤਾ ਲਈ ਮੈਂ ਦੋ ਸੌ ਰੁਪਏ ਦਾ ਨੁਕਸਾਨ ਬਰਦਾਸ਼ਤ ਕਰ ਲਵਾਂਗਾ। ਜੇ ਦੋ ਸੌ ਵਿਚ ਚਾਲੀ ਹਜ਼ਾਰ ਦਾ ਦਾਅ ਲਗਾਇਆ ਜਾ ਸਕਦਾ ਹੈ ਤਾਂ ਅਜੇਹੇ ਦਾਅ ਵਿਚ ਦੋ ਸੌ ਦੇ ਨੁਕਸਾਨ ਦਾ ਦੁੱਖ ਨਹੀਂ ਹੋਣਾ ਚਾਹੀਦਾ। ਪਰ ਦਾਅ ਦਾਅ ਹੈ ਅਤੇ ਧੋਖਾ ਧੋਖਾ ਹੈ। ਸਾਡੇ ਲੋਕਾਂ ਵਿਚ ਜੇ ਧੋਖਾ ਹੋਣ ਲੱਗੇ ਤਾਂ ਇਕ ਦਿਨ ਵੀ ਕੰਮ ਨਹੀਂ ਚਲ ਸਕਦਾ। ਪਹਿਲਾਂ ਤੋਂ ਤੁਹਾਡਾ ਪਿੱਛਾ ਕਰਨ ਵਾਲੇ ਬੰਦੇ ਨੂੰ ਤੁਹਾਡੀ ਕੀਮਤ ਦਿਤੇ ਬਿਨਾਂ ਮੇਰਾ ਤੁਹਾਡੇ ਵਲ ਵੇਖਣਾ ਵੀ ਅਣਉਚਿਤ ਹੁੰਦਾ। ਗੱਲ ਇਹ ਹੈ ਕਿ ਬੰਬਈ ਤੋਂ ਤੁਹਾਡਾ ਪਿੱਛਾ ਕਰਨ ਵਾਲੇ ਬੰਦੇ ਉਪਰ ਪਹਿਲਾਂ ਵੀ ਧੋਖਾ ਦੇਣ ਦਾ ਸ਼ੱਕ ਹੋਇਆ ਸੀ। ਜੇ ਉਸਨੇ ਇਸ ਵਾਰ ਸੱਚਮੁਚ ਧੋਖਾ ਦਿਤਾ ਹੈ ਤਾਂ ਉਸਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਇਸ ਵੇਲੇ ਮੈਂ ਗਿਰੋਹ ਦਾ ਨਾਇਕ ਹਾਂ। ਧੋਖਾ ਦੇਣ ਵਾਲੇ ਨੂੰ ਸਜ਼ਾ ਦੇਣਾ ਮੇਰਾ ਫ਼ਰਜ਼ ਹੈ। ਫੈਸਲਾ ਤੁਹਾਡੇ ਸੱਚ ਬੋਲਣ ਤੇ ਨਿਰਭਰ ਕਰਦਾ ਹੈ।" ਜਵਾਬ ਦੀ ਉਡੀਕ ਵਿਚ ਉਹ ਮੇਰੇ ਵਲ ਘੂਰਦਾ ਰਿਹਾ।

ਮੈਨੂੰ ਝਿਜਕਦਿਆਂ ਵੇਖ ਕੇ ਉਸਨੇ ਬੇਨਤੀ ਕੀਤੀ, "ਵਿਸ਼ਵਾਸ ਕਰੋ, ਹੁਣ ਤੁਹਾਨੂੰ ਨੁਕਸਾਨ ਦਾ ਕੋਈ ਡਰ ਨਹੀਂ, ਪਰ ਬੇਦੋਸ਼ੇ ਦਾ ਖੂਨ ਹੋਣਾ ਵੀ ਠੀਕ ਨਹੀਂ ਅਤੇ ਦੋਸ਼ੀ ਨੂੰ ਸਜ਼ਾ ਨਾ ਮਿਲਣ ਨਾਲ ਵੀ ਪ੍ਰਬੰਧ ਠੀਕ ਨਹੀਂ ਰਹਿੰਦਾ।"

ਇੱਜ਼ਤਦਾਰ ਜੱਜ ਵਰਗੇ ਇਹ ਬੋਲ ਇਕ ਅਪਰਾਧੀ ਦੇ ਸੁਣ ਕੇ ਮੈਨੂੰ ਗੁਸਾ ਆ ਗਿਆ, "ਤੁਸੀਂ ਆਪ ਪਾਪ ਵਿਚ ਡੁੱਬੇ ਹੋ!" ਮੈਂ ਜਵਾਬ ਦਿਤਾ, "ਤੁਹਾਡੇ ਤੋਂ ਵੱਡਾ ਪਾਪੀ ਕੌਣ ਹੈ। ਤੁਸੀਂ ਦੂਜਿਆਂ ਨੂੰ ਸਜ਼ਾ ਦਿਓਗੇ? ਜੇ ਤੁਸੀਂ ਮੇਰੀ ਜੇਬ੍ਹ ਕੱਟ ਲੈਂਦੇ ਤਾਂ ਕੀ ਇਹ ਬੇਦੋਸ਼ੇ ਦਾ ਖੂਨ ਨਾ ਹੁੰਦਾ? ਮੈਂ ਤੁਹਾਡਾ ਕੀ ਕਸੂਰ ਕੀਤਾ ਹੈ? ਬੋਲੋ!" ਮੈਂ ਗੁਸੇ ਨਾਲ ਉਸਨੂੰ ਵੰਗਾਰਿਆ।

"...ਇਹ ਤੁਸੀਂ ਦੂਸਰੀ ਗੱਲ ਕਹਿ ਰਹੇ ਹੋ।" ਸ਼ਾਂਤੀ ਨਾਲ ਉਸਨੇ ਜਵਾਬ ਦਿਤਾ। ਉਸਦੀ ਸਿਗਰਟ ਖਤਮ ਹੋ ਗਈ ਸੀ। ਸਿਗਰਟ ਉਹਨੇ ਫਰਸ਼ ਤੇ ਸੁਟ ਕੇ, ਆਪਣੇ ਸੈਂਡਲ ਨਾਲ ਮਸਲ ਦਿਤੀ। ਜੇਬ ਵਿਚੋਂ ਕੈਪਸਟਨ ਸਿਗਰਟ ਦੀ ਡੱਬੀ ਕੱਢੀ। ਡੱਬੀ ਮੇਰੇ ਵਲ ਵਧਾਈ ਤੇ ਇਕ ਸਿਗਰਟ ਬੁਲ੍ਹਾਂ ਵਿਚ ਦਬਾ ਕੇ, ਭਰਵੱਟੇ ਉਤਾਹ ਚੁਕ ਕੇ ਬੋਲਿਆ,



Sri Satguru Jagjit Singh Ji eLibrary NamdhariElibrary@gmail.com

"ਤੁਸੀਂ ਇਹ ਬੜੀ ਸੰਜੀਦਾ ਗੱਲ ਕਰ ਰਹੇ ਹੋ। ਜੇ ਇਸ ਤਰ੍ਹਾਂ ਸੋਚੀਏ ਤਾਂ ਸਾਰੀਆਂ ਗੱਲਾਂ ਅਪਰਾਧ ਮੰਨੀਆਂ ਜਾਣਗੀਆਂ। ਆਦਮੀ ਜਿਊਂਦਾ ਹੀ ਨਹੀਂ ਰਹਿ ਸਕੇਗਾ। ਅਪਰਾਧ ਤਾਂ ਆਪੋ-ਆਪਣੇ ਸਮਾਜ ਵਿਚ ਮੰਨ ਲਏ ਗਏ ਤਰੀਕੇ ਅਤੇ ਨੇਮਾਂ ਦੇ ਅਨੁਸਾਰ ਹੀ ਸਮਝਿਆ ਜਾਂਦਾ ਹੈ। ਬੁਰਾ ਨਾ ਮਨਾਉਣਾ। ...ਚੰਗਾ ਤੁਸੀਂ ਦੱਸੋ, ਇਹ ਚਾਲੀ ਹਜ਼ਾਰ ਤੁਸੀਂ ਇਮਾਨਦਾਰੀ ਨਾਲ ਕਮਾਇਆ ਹੈ? ਇਹ ਤੁਹਾਡੀ ਮਿਹਨਤ ਦੀ ਕਮਾਈ ਹੈ ਜਾਂ ਕਿ ਚਲਾਕੀ ਦੀ? .. ਬੋਲੋ?"

ਪਤਾ ਨਹੀਂ ਉਸਦੀ ਕੌੜੀ ਗੱਲ ਦਾ ਜਵਾਬ ਦੇਣ ਦੀ ਇੱਛਾ ਸਮਝੋ ਜਾਂ ਉਸਦੇ ਪੂਰੇ ਵਿਸ਼ਵਾਸ ਨਾਲ ਗੱਲ ਕਰਨ ਦੇ ਤਰੀਕੇ ਕਾਰਣ ਜਵਾਬ ਦਿੱਤਾ, "ਇਹ ਰੁਪਿਆ ਮੇਰਾ ਨਹੀਂ। ਮੈਂ ਤਾਂ ਫਰਮ ਵਿਚ ਨੌਕਰ ਹਾਂ। ਰੁਪਿਆ ਫਰਮ ਦਾ ਹੈ। ਮੈਨੂੰ ਤਾਂ ਆਪਣੇ ਕੰਮ ਦੀ ਤਨਖਾਹ ਮਿਲਦੀ ਹੈ।"

"ਓਹ! ਇਹ ਗੱਲ ਹੈ।" ਸਿਗਰਟ ਤੋਂ ਰਾਖ ਝਾੜ ਕੇ ਕਸ਼ ਖਿਚਦਿਆਂ ਉਹ ਬੋਲਦਾ ਗਿਆ, "ਤੁਹਾਡੀ ਫਰਮ ਤੋਂ ਵੀ ਤਾਂ ਸੁਆਲ ਪੁੱਛਿਆ ਜਾ ਸਕਦਾ ਹੈ ਕਿ ਫਰਮ ਨੇ ਇਹ ਰੁਪਿਆ ਕਿਹੜੀ ਇਮਾਨਦਾਰੀ ਨਾਲ ਕਮਾਇਆ ਹੈ? ਵਧੇਰੇ ਮਿਹਨਤ ਕਰਕੇ ਰੁਪਿਆ ਮਿਲਦਾ ਹੋਵੇ, ਐਸੀ ਗੱਲ ਨਹੀਂ। ਤੁਸੀਂ ਐਨਾ ਰੁਪਿਆ ਲੈ ਕੇ ਦਿੱਲੀ ਇਸੇ ਲਈ ਆਏ ਹੋਵੋਗੇ ਕਿ ਇਸ ਰੁਪਏ ਨਾਲ ਹੋਰ ਵੱਧ ਰੁਪਿਆ ਦੋ-ਚਾਰ ਲੱਖ ਕਮਾਉਣ ਦਾ ਜੁਗਾੜ ਕੀਤਾ ਜਾਏ। ਸ਼ਾਇਦ ਤੁਸੀਂ ਕੋਈ ਠੇਕਾ ਲੈਣਾ ਚਾਹੁੰਦੇ ਹੋ ਜਾਂ ਕੋਈ ਵੱਡਾ ਸੌਦਾ ਖਰੀਦ ਕੇ ਗੁਦਾਮ ਵਿਚ ਬੰਦ ਕਰਨਾ ਚਾਹੁੰਦੇ ਹੋਵੋਗੇ। ਇਹਨਾਂ ਸਾਰੇ ਦੱਸ਼ਾਂ ਨੂੰ ਤੁਸੀਂ ਇਮਾਨਦਾਰੀ ਦੀ ਮਿਹਨਤ ਕਹੋਗੇ ਕਿ ਚਲਾਕੀ? ਸੁਣੋ, ਤੁਹਾਡੀ ਫਰਮ ਦੇ ਮਾਲਕ ਤਾਂ ਇਸ ਸੌਦੇ ਲਈ ਕੋਈ ਮਿਹਨਤ ਕਰਨਗੇ ਨਹੀਂ?"

ਕਿਉਂ ਨਹੀਂ ਕਰਨਗੇ?" ਨੌਜਵਾਨ ਦੀ ਬੇਸਮਝੀ ਲਈ ਮੈਂ ਟੋਕਿਆ, "ਤੂੰ ਜਾਣਦੇਂ...ਚਾਲ੍ਹੀ ਹਜ਼ਾਰ ਕੀ ਹੁੰਦੇ?...ਇਹ ਤਾਂ ਸਿਰਫ਼ ਠੇਕਾ ਲੈਣ ਲਈ ਨਜ਼ਰਾਨਾ ਜਾਂ ਰਿਸ਼ਵਤ ਹੈ। ਇਸ ਤੋਂ ਬਾਅਦ ਤਾਂ ਫਰਮ ਨੂੰ ਇਸ ਕੰਮ ਲਈ ਦਸ ਪੰਦਰਾਂ ਲੱਖ ਰੁਪਏ ਲਗਾਣੇ ਪੈਣਗੇ। ਘਾਟਾ ਵੀ ਹੋ ਜਾਂਦਾ ਹੈ। ਕੀ ਇਸ ਵਿਚ ਰਿਸਕ ਨਹੀਂ? ਇਹੋ ਜੇਹੀਆਂ ਨਾਸਮਝੀ ਦੀਆਂ ਗੱਲਾਂ ਕਰਦੇ ਹੋ। ਇਹ ਸਾਰਾ ਕੁਝ ਸੋਚਣ ਤੇ ਕਰਨ ਲਈ ਦਿਮਾਗ ਦਾ ਤੇਲ ਪਸੀਨਾ ਬਣ ਕੇ ਮੱਥੇ ਉਪਰ ਆ ਜਾਂਦਾ ਹੈ।"

"ਇਹੀ ਤਾਂ ਮੈਂ ਕਹਿੰਦਾ ਹਾਂ।" ਨੌਜੁਆਨ ਨੇ ਲੰਬਾ ਸਾਰਾ ਧੂੰਆਂ ਛੱਡਦਿਆਂ ਮੰਨਿਆ, "ਮੈਂ ਦੋ ਸੌ ਰੁਪਏ ਦਾ ਰਿਸਕ ਲਿਆ ਕਿ ਨਹੀਂ.. ਦੱਸੋ। ਮੈਂ ਨੁਕਸਾਨ ਉਠਾਇਆ ਕਿ ਨਹੀਂ? ਜੇ ਮੈਂ ਤੁਹਾਡੀ ਜੇਬ ਕਟਦਾ ਫੜਿਆ ਜਾਂਦਾ? ਉਸ ਹਾਲਤ ਵਿਚ ਮੈਨੂੰ ਪੁਲਸ ਨੂੰ ਬੰਨ੍ਹੇ ਹੋਏ ਮਹੀਨੇ ਤੋਂ ਬਿਨਾਂ ਪੰਜ-ਸੋ ਹਜ਼ਾਰ ਵਧੇਰੇ ਦੇਣਾ ਪੈਂਦਾ ਕਿ ਨਹੀਂ? ਜੇਲ੍ਹ ਵੀ ਜਾਣਾ ਪੈ ਸਕਦਾ ਸੀ। ਅਸੀਂ ਵੀ ਘਟ ਅਕਲ ਤੇ ਮਿਹਨਤ ਤੇ ਨਹੀਂ ਕਰਦੇ। ਤੁਸੀਂ ਬਾਜ਼ਾਰ ਦਾ ਜਾਇਜ਼ਾ ਲੈਂਦੇ ਹੋ ਅਸੀਂ ਆਪਣੀ ਸਾਮੀ ਦਾ ਜਾਇਜ਼ਾ ਲੈਂਦੇ ਹਾਂ। ਅਸੀਂ ਆਪਣੀ ਜਾਇਜ਼ਾ ਲੈਣ ਦੀ ਤਾਕਤ ਉਂਗਲਾਂ ਤੇ ਕਦਮਾਂ ਦੀ ਫੁਰਤੀ ਉਪਰ ਨਿਰਭਰ ਕਰਦੇ ਹਾਂ। ਮਿਸਾਲ ਦੇ ਤੌਰ ਤੇ ਤੁਸੀਂ ਟਿਕਟ ਲੈਣ ਲਈ ਭੀੜ ਵਿਚ ਦਬ ਹੋਵੋ। ਤੁਹਾਡਾ ਸੱਜਾ ਹੱਥ ਖੁਰਕਣ ਲਈ ਉਠੇਗਾ ਅਤੇ ਤੁਹਾਡੇ ਕੋਟ ਦਾ ਪੱਲਾ ਉਠ ਜਾਵੇਗਾ। ਇਸੇ ਦੌਰਾਨ ਤੁਹਾਡੇ ਕੋਟ ਦੀ ਅੰਦਰਲੀ ਜੇਬ ਵਿਚੋਂ ਰੁਪਏ ਕਢਣੇ ਪੈਣਗੇ। ਦੱਸੋ ਤੁਸੀਂ ਐਨੀ ਸਫ਼ਾਈ ਨਾਲ ਕੰਮ ਕਰ ਸਕਦੇ ਹੋ? ਤੁਹਾਡੇ ਤਰੀਕੇ ਦੂਜੇ ਹਨ। ਤੁਹਾਡੀ ਫਰਮ ਵੇਖ ਲੈਂਦੀ ਹੈ ਕਿ ਕਿਸ ਚੀਜ਼ ਦੀ ਤੰਗੀ ਨਾਲ ਲੋਕਾਂ ਨੂੰ ਪਰੇਸ਼ਾਨੀ ਹੋਣ ਵਾਲੀ ਹੈ। ਫਰਮ ਉਹੋ ਚੀਜ਼ ਵਧੇਰੇ ਜਮ੍ਹਾਂ ਕਰਕੇ, ਲੋਕਾਂ ਦੀ ਪਰੇਸਾਨੀ ਵਧਾ ਕੇ, ਉਨ੍ਹਾਂ ਦੀਆਂ ਜੇਬਾਂ ਚੋਂ ਬਹੁਤ ਸਾਰੇ ਰੁਪਏ ਖਿਚ ਲੈਂਦੀ ਹੈ ਜਾਂ ਤੁਹਾਡੀ ਫਰਮ ਬਾਜ਼ਾਰ ਵਿਚ ਦਸ ਲੱਖ ਰੁਪਏ ਦੀ ਮੂੰਗਫਲੀ ਵੇਚਣ ਵਾਸਤੇ ਸੱਟਾ ਕਰਕੇ ਭਾਅ ਤੋੜ ਦੇਵੇਗੀ। ਡਿਗੇ ਭਾਅ ਉਪਰ ਵੀਹ ਲੱਖ ਦੀ ਮੂੰਗਫਲੀ ਖਰੀਦ ਲਵੇਗੀ। ਭਾਅ ਵਧੇਗਾ ਪਰ ਮਾਲ ਅੰਦਰੋਂ ਨਹੀਂ ਕੱਢਗੀ। ਲੋਕਾਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਵਧੇਰੇ ਭਾਅ ਦੇਣ ਲਈ ਮਜਬੂਰ ਕਰੇਗੀ। ਇਹ ਵੀ ਲੁੱਟ ਦਾ ਇਕ ਤਰੀਕਾ ਹੈ। ਤੁਹਾਡੀ ਪੂੰਜੀ ਹੀ ਤੁਹਾਡਾ ਸਾਧਨ ਹੈ। ਕੁਝ ਲੋਕ ਚਾਕੂ ਮਾਰ ਕੇ ਜਾਂ ਮਜਬੂਰ ਕਰਕੇ ਰੁਪਿਆ ਖੋਹ ਲੈਂਦੇ ਹਨ। ਤੁਸੀਂ ਆਦਮੀ ਨੂੰ ਆਪਣੇ ਪੈਸੇ ਨਾਲ ਮਜਬੂਰ ਕਰਦੇ ਹੋ। ਅਸੀਂ ਚਾਕੂ ਮਾਰ ਕੇ ਜਾਂ ਤਾਲੇ ਤੋੜ ਕੇ ਰੁਪਏ ਲੈਣਾ ਜੰਗਲੀਪਣ ਤੇ ਕਮੀਨਾਪਣ ਸਮਝਦੇ ਹਾਂ ਅਤੇ ਆਪਣੇ ਤਰੀਕੇ ਨੂੰ ਅਕਲ ਤੇ ਚਲਾਕੀ ਵਾਲਾ ਵਿਗਿਆਨਕ ਤਰੀਕਾ ਸਮਝਦੇ ਹਾਂ।"



Sri Satguru Jagjit Singh Ji eLibrary NamdhariElibrary@gmail.com

"ਸੁਣੋ !" ਇਕ ਹੋਰ ਲੰਬਾ ਕਸ਼ ਖਿੱਚ ਕੇ ਉਹ ਬੋਲਿਆ, "ਦੋ ਸਾਲ ਪਹਿਲਾਂ ੧੯੪੩ ਵਿਚ ਮੈਂ ਕਲਕੱਤੇ ਵਿਚ ਚੌਲਾਂ ਦੀ ਵਪਾਰੀ ਫਰਮ ਵਿਚ ਕੰਮ ਕਰਦਾ ਸਾਂ। ਫਰਮ ਨੇ ਚੌਲ ਖਰੀਦ-ਖਰੀਦਕੇ ਮਹਿੰਗਾਈ ਕਰਨ ਦੇ ਤਰੀਕਿਆਂ ਨਾਲ ਛੇ ਮਹੀਨਿਆਂ ਵਿਚ ਤਿੰਨ ਕਰੋੜ ਰੁਪਿਆ ਕਮਾਇਆ। ਇਸ ਨੂੰ ਤੁਸੀਂ ਇਮਾਨਦਾਰੀ ਕਹੋਗੇ ਕਿ ਚਲਾਕੀ? ...ਅਤੇ ਸੁਣੋ, ਕੰਮ ਮੈਂ ਤੇ ਮੇਰੇ ਵਰਗੇ ਲੋਕ ਕਰਦੇ ਸਾਂ। ਫਰਮ ਸਾਡੇ ਰਾਹੀਂ ਲੱਖਾਂ ਕਮਾ ਰਹੀ ਸੀ। ਮੈਨੂੰ ਮਿਲਦੇ ਸਨ ਸਿਰਫ ਸੌ ਰੁਪਏ ਤੇ ਭੱਤਾ। ਕੰਪਨੀ ਸਾਡੇ ਰਾਹੀ ਦੂਜਿਆ ਦੀ ਜੇਬ ਕੱਟ ਰਹੀ ਸੀ ਤੇ ਨਾਲੇ ਸਾਡੀ ਵੀ। ਸਮਾਜ ਦੇ ਸਾਰੇ ਕਾਰੋਬਾਰ ਦਾ ਮੂਲ ਮੰਤਰ ਸਸਤਾ ਖਰੀਦ ਕੇ ਮਹਿੰਗੇ ਤੋਂ ਮਹਿੰਗਾ ਵੇਚਣਾ ਹੈ। ਥੋੜ੍ਹੀ ਮਜ਼ਦੂਰੀ ਦੇ ਕੇ ਮਾਲ ਬਣਾਉਣਾ ਅਤੇ ਮਾਲ ਨੂੰ ਵਧ ਤੋਂ ਵਧ ਪੈਸਿਆਂ ਦਾ ਵੇਚਣਾ। ਪਰ ਇਸ ਧੋਖੇ ਨੂੰ ਨਿਭਾਉਂਦੇ ਰਹਿਣ ਲਈ ਧੋਖੇ ਦੇ ਨੇਮਾਂ ਲਈ ਇਮਾਨਦਾਰੀ ਜ਼ਰੂਰੀ ਹੈ। ਐਸੇ ਕਾਰੋਬਾਰ ਵਿਚ ਵੀ ਜਦੋਂ ਤੁਹਾਡੇ ਤੋਂ ਚੌਲਾਂ ਦੇ ਪੈਸੇ ਲੈ ਕੇ ਰੋੜਾਂ ਦੀਆਂ ਬੋਰੀਆਂ ਸਪਲਾਈ ਕੀਤੀਆਂ ਜਾਣ ਤਾਂ ਤੁਸੀਂ ਧੋਖੇ ਲਈ ਸਜ਼ਾ ਦੇਣਾ ਚਾਹੋਗੇ ਕਿ ਨਹੀਂ? ਇਹ ਗੱਲ ਤੁਸੀਂ ਸਾਡੇ ਬਾਰੇ ਵੀ ਸਮਝ ਲਵੋ। ਹਰ ਸਮਾਜ ਵਿਚ ਦੂਜਿਆਂ ਦੀਆਂ ਜੇਬ੍ਹਾਂ ਵਿਚੋਂ ਪੈਸੇ ਕਢਵਾਉਣ ਦੇ ਕੁਝ ਨੇਮ ਹੁੰਦੇ ਹਨ। ਉਹਨਾਂ ਦੇ ਅਨੁਸਾਰ ਹੀ ਚਲਣਾ ਹੁੰਦਾ ਹੈ। ਐਸ ਨੇਮ ਨਾ ਮੰਨਣ ਨਾਲ ਦੂਜਿਆਂ ਨੂੰ ਲੁੱਟਣ ਦਾ ਪ੍ਰਬੰਧ ਠੀਕ ਤਰ੍ਹਾਂ ਚਲ ਨਹੀਂ ਸਕਦਾ।"

ਨੌਜਵਾਨ ਦੇ ਸੀਨਾਜ਼ੋਰੀ ਚੋਰੀ ਦੀ ਹਮਾਇਤ ਕਰਨ ਦੇ ਤਰੀਕੇ ਵਿਚ ਸ੍ਵੈਮਾਨ ਦਾ ਭਾਵ ਝਲਕ ਰਿਹਾ ਸੀ। ਮੈਂ ਉਸੇ ਉਪਰ ਸੱਟ ਕਰਨੀ ਚਾਹੀ, "ਧੋਖੇ ਤੇ ਚੋਰੀ ਨਾਲ ਦੂਜਿਆਂ ਦੀ ਪੂੰਜੀ ਖੋਹ ਲੈਣ ਲਈ ਵੀ ਮਾਣ ਕੀਤਾ ਜਾ ਸਕਦਾ ਹੈ ਇਹ ਅੱਜ ਪਹਿਲੀ ਵਾਰ ਵੇਖ ਰਿਹਾ ਹਾਂ।

ਉਹ ਮੇਰੇ ਵਿਅੰਗ ਤੋਂ ਝੇਪਿਆ ਨਹੀਂ ਸਗੋਂ ਬੋਲਿਆ, "ਤੁਸੀਂ ਚੋਰੀ ਦੀ ਗੱਲ ਕਰਦੇ ਹੋ ..ਦੂਜਿਆਂ ਦੀ ਪੂੰਜੀ ਲੈ ਲੈਣਾ ਚੋਰੀ ਹੈ? ਬੁਰਾ ਨਾ ਮਨਾਉਣਾ ਪੂੰਜੀ ਤਾਂ ਅਸਲ ਵਿਚ ਮਿਹਨਤ ਕਰਨ ਵਾਲੇ ਅਤੇ ਕਿਸਾਨ-ਮਜ਼ਦੂਰ ਹੀ ਪੈਦਾ ਕਰਦੇ ਹਨ। ਬਾਕੀ ਸਾਰਾ ਵਪਾਰ ਉਸ ਪੂੰਜੀ ਨੂੰ ਪੈਦਾ ਕਰਨ ਵਾਲਿਆਂ ਦੇ ਹੱਥਾਂ ਵਿਚੋਂ ਵਧ ਤੋਂ ਵਧ ਪੈਸਾ ਖਿੱਚ ਸਕਣ ਵਾਲ੍ਹਿਆਂ ਦੀ ਚਲਾਕੀ ਹੈ। ਹਾਲਾਂਕਿ ਧੋਖੇ ਦੇ ਕੁਝ ਤਰੀਕਿਆਂ ਨੂੰ ਸਮਾਜ ਮੰਨਦਾ ਹੈ ਅਤੇ ਕੁਝ ਜੁਰਮ ਕਰਾਰ ਦਿਤਾ ਗਿਆ ਹੈ। ਜਿਹੜੇ ਲੋਕ ਸਮਾਜ ਵਲੋਂ ਮੰਨੇ ਗਏ ਤਰੀਕੇ ਨਿਭਾਉਣ ਵਿਚ ਥਾਂ ਨਹੀਂ ਪ੍ਰਾਪਤ ਕਰਦੇ ਉਹ ਕਾਂ-ਇੱਲ ਵਾਂਗ ਖੋਹ ਕੇ ਪ੍ਰਾਪਤ ਕਰਦੇ ਹਨ।" ਅੱਧ ਤੋਂ ਵਧ ਖਤਮ ਹੋ ਗਿਆ ਸਿਗਰਟ ਫਰਸ਼ ਉਪਰ ਸੁਟ ਕੇ ਸੈਂਡਲ ਨਾਲ ਮਸਲਦਿਆਂ ਉਸ ਨੇ ਮੁਸਕਰਾ ਕੇ ਕਿਹਾ, "ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੜੇ ਔਖੇ ਤੇ ਨਫ਼ਰਤ ਵਾਲੇ ਕੰਮ ਤੋਂ ਬਚਾ ਲਿਆ।"

ਨੌਜਵਾਨ ਦੀ ਸਫਾਈ ਤੇ ਵਿਹਾਰ ਦਾ ਦਿਲ ਉੱਪਰ ਕੁਝ ਐਸਾ ਅਸਰ ਪਿਆ ਕਿ ਹਮਦਰਦੀ ਪ੍ਰਗਟ ਕੀਤੇ ਬਿਨਾਂ ਨਾ ਰਹਿ ਸਕਿਆ। ਸਮਝਣਾ ਚਾਹਿਆ, "ਤੁਸੀਂ ਐਨੇ ਪੜ੍ਹੇ-ਲਿਖੇ ਤੇ ਸਮਝਦਾਰ ਨੌਜਵਾਨ ਹੋ, ਇਹੋ ਜਿਹੇ ਨਫ਼ਰਤ ਵਾਲੇ ਕੰਮਾਂ ਵਿਚ ਫਸ ਕੇ ਤੁਹਾਨੂੰ ਆਪਣੇ ਆਪ ਵਿਚ ਹੀਣ-ਭਾਵਨਾ ਦਾ ਅਨੁਭਵ ਨਹੀਂ ਹੁੰਦਾ?"

ਨੌਜਵਾਨ ਦੇ ਮਾਹਿਰ ਹੱਥ ਡੱਬੀ ਵਿਚੋਂ ਨਵੀਂ ਸਿਗਰਟ ਕੱਢਣ ਲੱਗੇ ਅਤੇ ਉਸਨੇ ਬੜੀ ਹੈਰਾਨੀ ਨਾਲ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਪ੍ਰਸ਼ਨ ਕੀਤਾ, "ਕਿਸ ਗੱਲ ਲਈ ਹੀਣ-ਭਾਵਨਾ? .. ਕਿਉਂ .. ਮੈਂ ਕੀ ਕਰ ਰਿਹਾ ਹਾਂ?"

"ਤੁਹਾਨੂੰ ਆਪਣੇ ਗੈਰ ਸਮਾਜਕ ਕੰਮਾਂ ਲਈ ਸ਼ਰਮ ਮਹਿਸੂਸ ਨਹੀਂ ਹੁੰਦੀ? ਕੀ ਤੁਸੀਂ ਆਪਣੇ ਕੰਮ ਬਾਰੇ ਸ਼ਰੀਫ ਆਦਮੀਆਂ ਵਿਚ ਸਫਾਈ ਨਾਲ ਗੱਲ ਕਰ ਸਕਦੇ ਹੋ?" ਉਸ ਦੀਆਂ ਅੱਖਾਂ ਖੋਲ੍ਹਣ ਦੀ ਉਮੀਦ ਨਾਲ ਮੈਂ ਹਮਦਰਦੀ ਪ੍ਰਗਟ ਕੀਤੀ।

ਉਹ ਆਪਣੀ ਮੁਸਕਰਾਹਟ ਲੁਕਾਣ ਲਈ ਬੁੱਲ੍ਹ ਦਬਾ ਕੇ ਪਲ ਕੁ ਚੁੱਪ ਰਿਹਾ, ਫਿਰ ਬੋਲਿਆ, "ਤੁਸੀਂ ਸ਼ਰੀਫ ਆਦਮੀ ਕਿਸ ਨੂੰ ਸਮਝਦੇ ਹੋ? ਸ਼ਰੀਫ ਆਦਮੀ ਉਹ ਹੈ ਜਿਸਦੀ ਇੱਜ਼ਤ ਹੋਵੇ। ਇੱਜ਼ਤ ਰੁਪਿਆ ਖਰਚ ਕਰ ਸਕਣ ਨਾਲ ਹੁੰਦੀ ਹੈ। ਮੈਂ ਕੀ ਮਾੜਾ ਕਰਦਾ ਹਾਂ।. ਹਾਂ, ਜੇਬ੍ਹ ਕੱਟਣਾ ਤੁਸੀਂ ਬੁਰਾ ਸਮਝਦੇ ਹੋ, ਅਸੀਂ ਲੋਕ ਲੱਖਾਂ ਵਿਚੋਂ ਕਿਸੇ ਇਕ ਦੀ ਜੇਬ੍ਹ ਕੱਟਦੇ ਹਾਂ। ਬਾਰ-ਬਾਰ ਕਿਸੇ ਇਕ ਦੀ ਜੇਬ੍ਹ ਵੀ ਨਹੀਂ ਕੱਟਦੇ। ਜੇਬ੍ਹ ਕੱਟਣ ਦਾ ਅਰਥ ਹੈ ਦੂਜੇ ਦੀ ਕਮਾਈ ਖੋਹ ਲੈਣਾ। ਦੱਸੋ, ਹਜ਼ਾਰਾਂ ਆਦਮੀਆ ਦੀ ਮਿਹਨਤ ਜਾਂ ਕਮਾਈ ਦੀ ਪੂੰਜੀ ਸਾਰੀ ਜ਼ਿੰਦਗੀ ਉਸ ਤੋਂ ਖੋਂਹਦੇ ਰਹਿਣਾ ਸ਼ਰਾਫਤ ਹੈ? ...ਅਸੀਂ ਲੋਕ ਵੀ ਆਪਸ ਵਿਚ ਮਿਲਦੇ ਹਾਂ ਤਾਂ ਬੜੇ ਮਾਣ ਨਾਲ ਆਪਣੀ ਸਫ਼ਲਤਾ ਦੀਆਂ ਗੱਲਾਂ ਕਰਦੇ ਹਾਂ...ਪਰ ਤੁਹਾਡੇ ਸਾਹਮਣੇ ਕਿਵੇਂ



Sri Satguru Jagjit Singh Ji eLibrary NamdhariElibrary@gmail.com

ਕਰ ਸਕਦੇ ਹਾਂ ? ਤੁਸੀਂ ਹੀ ਦੱਸੋ, ਕੀ ਜਰਮਨੀ, ਇੰਗਲੈਂਡ ਜਾਂ ਰੂਸ ਫ਼ੌਜੀ-ਤਿਆਰੀ ਦੇ ਭੇਦ ਦੂਜਿਆਂ ਨੂੰ ਦੱਸ ਸਕਦੇ ਸਨ ? ਉਹ ਜਿੰਨਾ ਕਤਲੇਆਮ ਕਰ ਸਕਦੇ ਸਨ, ਦੂਜੇ ਦੇਸ਼ ਦਾ ਜਿੰਨਾ ਨੁਕਸਾਨ ਕਰ ਸਕਦੇ ਸਨ, ਪੈਸਾ ਬਰਬਾਦ ਕਰ ਸਕਦੇ ਸਨ, ਉਤਨੀ ਹੀ ਉਹਨਾਂ ਦੀ ਤਾਰੀਫ਼ ਹੁੰਦੀ ਸੀ। ਵਪਾਰ ਦਾ ਵੀ ਇਹੀ ਅਰਥ ਹੈ। ਲੜਾਈ ਹੁੰਦੀ ਕਿਉਂ ਹੈ ? ਇਸੇ ਵਾਸਤੇ ਨਾ ਕਿ ਸੰਸਾਰ ਦੇ ਦੂਜੇ ਦੇਸ਼ਾਂ ਨੂੰ ਲੁੱਟਣ ਦਾ ਵਧੇਰੇ ਹੱਕ ਕਿਸ ਨੂੰ ਹੋਵੇ। ...ਅਸੀਂ ਲੋਕ ਵੀ ਉਹੀ ਕਰਦੇ ਹਾਂ ਜੋ ਸਾਡੇ ਸਮਾਜ ਦੀ ਆਰਥਕ ਜ਼ਿੰਦਗੀ ਦਾ ਪ੍ਰਬੰਧ ਕਰਨ ਵਾਲੇ ਲੋਕ ਕਰ ਰਹੇ ਹਨ। ਫ਼ਰਕ ਸਿਰਫ਼ ਇਹ ਹੈ ਕਿ ਦੂਜਿਆਂ ਦਾ ਰੁਪਿਆ ਖੋਹ ਲੈਣ ਦੇ ਕੁਝ ਤਰੀਕਿਆਂ ਨੂੰ ਸਮਾਜ ਨੇ ਮਨਜ਼ੂਰੀ ਦਿਤੀ ਹੋਈ ਹੈ ਅਤੇ ਕੁਝ ਨੂੰ ਜੁਰਮ ਕਰਾਰ ਦਿਤਾ ਹੈ। ਇਹ ਸਿਰਫ਼ ਮੰਨ ਲੈਣ ਦੀ ਗੱਲ ਹੈ। ਵੇਖੋ, ਇਕ ਵੇਲੇ ਬਾਬਰ ਫ਼ੌਜਾਂ ਲਿਆ ਕੇ ਇਸ ਦੇਸ਼ ਦੀ ਪੂੰਜੀ ਖੋਹ ਲੈਣਾ ਆਪਣਾ ਹੱਕ ਸਮਝਦਾ ਸੀ। ਅੱਜ ਇੰਗਲੈਂਡ ਤੇ ਅਮਰੀਕਾ ਵਪਾਰ ਦੇ ਖੇਤਰ ਵਿਚ ਉਹੀ ਗੱਲ ਕਰ ਰਹੇ ਹਨ। ਦੂਜੇ ਦਾ ਰੁਪਿਆ ਖੋਹ ਲੈਣ ਦੇ ਜਿਨ੍ਹਾਂ ਹੱਥਕੰਡਿਆਂ ਵਿਚ ਤੁਸੀਂ ਲੋਕ ਕੱਚੇ ਹੋ, ਜਿਨ੍ਹਾਂ ਵਿਚ ਤੁਹਾਡੇ ਹਾਰ ਜਾਣ ਦਾ ਡਰ ਹੈ, ਤੁਸੀਂ ਉਹਨਾਂ ਤੋਂ ਬਚਦੇ ਹੋ। ਅਸਲ ਵਿਚ ਖੇਡ ਦੀ ਮੂਲ ਗੱਲ ਤਾਂ ਉਹੀ ਹੈ, ਦੂਜੇ ਦੀ ਮਿਹਨਤ ਦਾ ਫ਼ਲ ਚਲਾਕੀ ਨਾਲ ਲੈ ਲੈਣਾ . ਪਰ ਇਕ ਤਰੀਕੇ ਨੂੰ ਸ਼ਰੀਫ਼ਾਂ ਵਾਲਾ ਮੰਨ ਲਿਆ ਗਿਆ ਹੈ ਅਤੇ ਦੂਸਰੇ ਨੂੰ ਚੋਰਾਂ ਦਾ...।''

ਇਸੇ ਦੌਰਾਨ ਪਲੇਟਫਾਰਮ ਉਪਰ ਇਕ ਗੱਡੀ ਆ ਕੇ ਖੜ੍ਹੀ ਹੋ ਗਈ। ਨੌਜਵਾਨ ਪਲੇਟਫਾਰਮ ਤੋਂ ਉਠ ਖੜ੍ਹਾ ਹੋਇਆ। ਉਸ ਨੇ ਗੱਡੀ ਵਲ ਇਸ਼ਾਰਾ ਕਰਕੇ ਕਿਹਾ, ''ਮਾਫ਼ ਕਰਨਾ, ਥੋੜ੍ਹੀ ਜੇਹੀ ਗੱਲ ਵਾਸਤੇ ਮੈਂ ਤੁਹਾਡਾ ਕੀਮਤੀ ਸਮਾਂ ਵਿਅਰਥ ਕੀਤਾ। ਮੈਂ ਇਸੇ ਗੱਡੀ ਤੇ ਵਾਪਸ ਜਾਣਾ ਹੈ।

ਨੌਜਵਾਨ ਦੀਆਂ ਗੱਲਾਂ ਨਾਲ ਦੁੱਖ ਹੋ ਰਿਹਾ ਸੀ ਅਤੇ ਉਸਨੂੰ ਪ੍ਰਗਟਾਏ ਬਿਨਾਂ ਨਾ ਰਹਿ ਸਕਿਆ, ''ਅਫ਼ਸੋਸ ਹੈ, ਤੇਰੇ ਜੇਹੀ ਅਕਲ ਦੇ ਬੰਦੇ ਦੀ ਇਹੋ ਜੇਹੀ ਮਾੜੀ ਹਾਲਤ ਹੋ ਰਹੀ ਹੈ। ਤੂੰ ਸਮਾਜ ਲਈ ਕਿੰਨਾ ਫਾਇਦੇਮੰਦ ਹੋ ਸਕਦਾ ਹੈਂ ?''

''ਵੇਖੋ ਤਰਸ ਨਾ ਜਿਤਲਾਓ।'' ਮੁਸਕਰਾਹਟ ਨਾਲ ਉਸਨੇ ਚਿਤਾਵਨੀ ਦਿੱਤੀ, ''ਦਇਆ ਦੀ ਭਿਖਿਆ ਮੰਗਣ ਤੋਂ ਤੰਗ ਆ ਕੇ ਹੀ ਮੈਂ ਇਹ ਰਾਹ ਚੁਣਿਆ ਹੈ। ਮੇਰੇ ਵਰਗੀ ਅਕਲ ਵਾਲਾ ਤੇ ਇਮਾਨਦਾਰ ਬੰਦਾ ਵੀ ਇਸ ਸਮਾਜ ਵਿਚ ਸਾਧਨਾਂ ਦੀ ਮਾਲਕ ਸ਼੍ਰੇਣੀ ਦੀ ਸੇਵਾ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦਾ। ਭਾਵੇਂ ਉਹ ਕਿੰਨਾ ਵੱਡਾ ਮਹਾਤਮਾ ਜਾਂ ਪੰਡਤ ਹੋਵੇ। ਮਾਲਕ ਸ਼੍ਰੇਣੀ ਦੀ ਗੁਲਾਮੀ ਹੀ ਸ਼ਰਾਫ਼ਤ ਹੈ ਅਤੇ ਵਿਰੋਧ ਚੋਰੀ।'' ਭਰਵੱਟੇ ਸੁਕੇੜ ਕੇ ਅਤੇ ਡੂੰਘੇ ਵਿਚਾਰਾਂ ਵਿਚ ਡੁਬ ਕੇ ਸਿਰ ਦੇ ਵਾਲਾਂ ਵਿਚ ਉਂਗਲਾਂ ਫੇਰਦਿਆਂ ਉਸਨੇ ਕਿਹਾ, ''ਕਾਮਰੇਡ ਲੋਕ ਕੁਝ ਗੱਲਾਂ ਠੀਕ ਕਹਿੰਦੇ ਹਨ ਪਰ ਤੱਥ ਉਹਨਾਂ ਵਿਚ ਵੀ ਕੁਝ ਨਹੀਂ। ਉਹ ਸਾਧਨਹੀਣਾਂ ਦੀ ਲੀਡਰਬਾਜ਼ੀ ਹੈ। ਇਕ ਤਮਾਸ਼ਾ ਹੈ ! ਇਕ ਝੱਖ ਹੈ। ਉਹ ਕਹਿੰਦੇ ਹਨ, ਮਿਹਨਤ ਕਰਨ ਵਾਲਿਆਂ ਦਾ ਹੀ ਰਾਜ ਕਾਇਮ ਹੋ ਜਾਣਾ ਚਾਹੀਦਾ ਹੈ। ਮਜ਼ਦੂਰ ਦਾ ਰਾਜ ਹੋ ਜਾਵੇਗਾ ਤਾਂ ਕੀ ਮਜ਼ਦੂਰ ਸਖਤ ਮਿਹਨਤ ਕਰੇਗਾ ? ਤੇ ਕੀ ਸਾਡੀ ਜ਼ਿੰਦਗੀ ਵਿਚ ਇਸ ਤਰ੍ਹਾਂ ਹੋ ਸਕਦਾ ਹੈ ? ਮੈਂ ਚੋਰੀ ਪਿਉ ਦੇ ਇਲਾਜ ਵਾਸਤੇ ਕੀਤੀ ਸੀ। ਚੋਰੀ ਕਰਕੇ ਰੁਪਿਆ ਲੈ ਕੇ ਜਦੋਂ ਘਰ ਪੁੱਜਾ ਤਾਂ ਪਿਉ ਮਰ ਚੁੱਕਾ ਸੀ। ਉਸਦਾ ਕੁਝ ਨਾ ਬਣਿਆ। ਇਸੇ ਤਰ੍ਹਾਂ ਹੀ ਜੇ ਅਸੀਂ ਕਾਮਰੇਡਾਂ ਦਾ ਅੰਦੋਲਨ ਕਰਦਿਆਂ-ਕਰਦਿਆਂ ਮਰ ਜਾਈਏ ਤਾਂ ਬਾਅਦ ਵਿਚ ਮਜ਼ਦੂਰ ਰਾਜ ਹੋ ਜਾਵੇ ਤਾਂ ਸਾਨੂੰ ਕੀ ਫਾਇਦਾ ? ਇਹ ਅੱਛਾ-ਖਾਸਾ ਮਜ਼ਾਕ ਹੈ। ਕਾਮਰੇਡ ਸਿਰਫ਼ ਗੱਲ ਕਰਦਾ ਹੈ, ਸਿਰਫ਼ ਪੂੰਜੀਪਤੀ ਨੂੰ ਗਾਲ੍ਹ ਕੱਢਦਾ ਹੈ। ਉਹ ਨਾ ਤੇ ਪੂੰਜੀਪਤੀ ਨੂੰ ਮਾਰਦਾ ਹੈ ਅਤੇ ਨਾ ਹੀ ਉਸਦਾ ਪੈਸਾ ਖੋਂਹਦਾ ਹੈ। ਇਸ ਲਈ ਮੈਂ ਉਸਦਾ ਭਰੋਸਾ ਨਹੀਂ ਕਰਦਾ। ...ਹਾਂ, ਗੱਡੀ ਜਾ ਰਹੀ ਹੈ, ਧੰਨਵਾਦ !'' ਉਹ ਦੌੜ ਕੇ ਪਲੇਟਫਾਰਮ ਉਪਰ ਖੜੋਤੀ ਗੱਡੀ ਉਪਰ ਚੜ੍ਹ ਗਿਆ।

ਉਸ ਦੇ ਮੂੰਹ ਫੇਰਦਿਆਂ ਹੀ ਮੈਂ ਇਕ ਵਾਰ ਫਿਰ ਚਾਲੀ ਹਜ਼ਾਰ ਦੇ ਨੋਟਾਂ ਨੂੰ ਤਸੱਲੀ ਨਾਲ ਛੋਹ ਕੇ ਵੇਖਿਆ। ਨੋਟ ਸੁਰੱਖਿਅਤ ਸਨ। ਸੁੱਖ ਦਾ ਸਾਹ ਲਿਆ—ਮੈਂ ਸ਼ਰੀਫ਼ ਹਾਂ ਚੋਰ ਨਹੀਂ.. ਇਹ ਰੁਪਿਆ ਫਰਮ ਦੀ ਅਮਾਨਤ ਸੀ ਅਤੇ ਇਹ ਸਵੇਰੇ ਗਿਆਰਾਂ ਵਜੇ ਟੈਂਡਰ ਖੁਲ੍ਹਣ ਤੋਂ ਪਹਿਲਾਂ ਹੀ ਠੇਕਾ ਦੇਣ ਵਾਲੇ ਅਫਸਰ ਨੂੰ ਪਹੁੰਚਣਾ ਜ਼ਰੂਰੀ ਸੀ।

(ਨੈਸ਼ਨਲ ਬੁੱਕ ਟਰੱਸਟ ਦੇ ਧੰਨਵਾਦ ਸਹਿਤ ਯਸ਼ਪਾਲ ਦੀਆਂ ਚੋਣਵੀਆਂ ਕਹਾਣੀਆਂ ਚੋਂ, ਅਨੁਵਾਦਕ ਡਾ: ਕੁਲਜੀਤ ਸਿੰਘ)



Sri Satguru Jagjit Singh Ji eLibrary NamdhariElibrary@gmail.com

# ਲਹਿੰਦੇ ਪੰਜਾਬ ਦੇ ਸ਼ਾਇਰਾਂ ਦੀਆਂ ਮਿੰਨੀ ਨਜ਼ਮਾਂ

## ਸਲੀਮ ਤਾਹਰ

**ਅਸਲਾਹ**

ਵਗਦੇ ਸ਼ਹੁ ਵਿਚ ਮਾਰ ਨਾ ਸੋਟਾ
ਪਾਣੀ ਪਾਟ ਕੇ ਦੋ ਨਹੀਂ ਹੋਣਾ
ਜੋ ਤੂੰ ਚਾਹਨਾ ਏਂ
ਉਹ ਨਹੀਂ ਹੋਣਾ

## ਸ਼ਾਹਦ ਜਾਫਰੀ

**ਛੇਕੜਲੀ ਗੱਲ**

ਸਭ ਤੋਂ ਉੱਚੀ
ਸਭ ਤੋਂ ਸੱਚੀ
ਛੇਕੜ ਵਾਲੀ ਗੱਲ
ਮਾਂ ਬਾਝੋਂ ਇਹ ਸਾਰੀ ਦੁਨੀਆ
ਸੜਦਾ ਜਲਦਾ ਥੱਲ।

**ਲੇਖ**

ਇਕੋ ਘਰ ਵਿਚ
ਤਿੰਨ ਸਾਂ ਜਾਈਆਂ
ਲੇਖ ਨੇ ਆਪੋ ਅਪਣੇ
ਇਕ ਸੁੱਤੀ
ਦੂਈ ਦੁੱਧ ਪਈ ਰਿੜਕੇ
ਤੀਜੀ ਪਾਥੀਆਂ ਥੱਪੇ।

**ਲੱਛਣ**

ਅੱਜ ਵੀ ਸੂਰਜ
ਮਸ਼ਰਕ ਵਲੋਂ ਫੁਟੇਗਾ
ਅੱਜ ਵੀ ਤੇਰੇ
ਆਵਣ ਵਾਲੇ ਲੱਛਣ ਨਹੀਂ।

—o—

## ਸਦੀਕ ਬਾਬਰ

**ਸਾਡੀ ਹਯਾਤੀ**

ਉਜੜਿਆ ਹੋਇਆ ਰੁੱਖ
ਨਾ ਕੋਈ ਸੁੱਖ
ਨਾ ਕੋਈ ਦੁੱਖ।

**ਨਜ਼ਮ**

ਅਸੀਂ ਤੇ ਅੰਗਿਆਰੇ
ਸਾਡੀ ਇਕੋ ਕਹਾਣੀ
ਧੁਖਦਾ ਹੋਇਆ ਜੀਵਨ
ਤਪਦੀ ਹੋਈ ਜਵਾਨੀ।

—o—

## ਸ਼ਫੀਕ ਕੁਰੈਸ਼ੀ

**ਪੱਥਰ ਦਾ ਸ਼ਹਿਰ**

ਚੁੱਪ ਚਪੀਤੇ ਲੋਕ ਖਲੋਤੇ
ਅੱਖਾਂ ਪੱਟ ਪੱਟ ਵੇਖਾਂ
ਬੰਦੇ ਨੇ ਯਾ ਧਰਤੀ ਉਤੇ
ਗੱਡੀਆਂ ਹੋਈਆਂ ਮੇਖਾਂ।

**ਪਿਆਸ**

ਇਕ ਦਿਨ ਤੈਨੂੰ ਕੋਲ ਬਿਠਾ ਕੇ
ਅੱਖਾਂ ਰਸਤੇ ਪੀਵਾਂ
ਇਹ ਗੱਲ ਪੂਰੀ ਹੋ ਜਾਵੇ ਤੇ
ਫੇਰ ਕਦੀ ਨਾ ਜੀਵਾਂ।

## ਸ਼ੌਕਤ ਅਲੀ ਕਮਰ

**ਸੱਚੀ ਗੱਲ**

ਮੈਂ ਨਹੀਂ ਕਹਿੰਦਾ ਓਹ ਮੁਜਰਮ ਏ
ਸਾਰਾ ਦੋਸ਼ ਈ ਓਹਦਾ
ਹਰ ਗੱਲ ਦੇ ਵਿਚ
ਓਹਦਾ ਸਾਰਾ ਵਾਧਾ
ਸੱਚ ਪੁੱਛੋ ਤੇ
ਵਿਚ ਜਿਹੇ ਮੈਂ ਵੀ
ਕੁਝ ਬਦਨੀਤਾ ਹੋ ਕੇ
ਬਿਲਕੁਲ ਹਿੰਮਤ ਹਾਰ ਗਿਆ ਸਾਂ
ਵਿਚੋਂ ਚੁਭੀ ਮਾਰ ਗਿਆ ਸਾਂ।



Sri Satguru Jagjit Singh Ji eLibrary NamdhariElibrary@gmail.com

## ਅਲੀਮ ਸ਼ਕੀਲ

### ਛੂਹ

ਤੈਥੋਂ ਕੱਠੀ ਕਾਰ ਤੇ ਨਹੀਂ ਸੀ
ਮੰਗੀ ਰਬਾ
ਰੋਟੀ ਕਪੜਾ ਘਰ ਮੰਗਿਆ ਸੀ
ਜੋ ਤੂੰ ਮੈਨੂੰ ਦੇ ਨਾ ਸਕਿਆ
ਜਾਂ ਫੇਰ ਅੱਜ ਤੋਂ
ਤੇਰੀ ਮੇਰੀ
ਛੂ ਈ ਰੱਬਾ ।

### ਸੱਚੀ ਗੱਲ

ਰਬਾ
ਤੂੰ ਕਿਧਰੇ
ਕਰਵਾਵੇਂ ਚੋਣਾਂ
ਹਰ ਜਾਵੇਂਗਾ
ਜਿੱਤ ਜਾਣਾ
ਸਰਮਾਇਆਦਾਰ ।

—o—

## ਗੁਲਾਮ ਸਈਅਦ ਅੰਜਮ

### ਇਕ ਨਫਸਿਆਹੀ ਅਮਲ

ਨੇੜੇ ਆਉਂਦੀ
ਛਕ ਛਕ ਕਰਦੀ
ਰੇਲ ਗੱਡੀ ਨੂੰ
ਵੇਖਦਿਆਂ ਹੋਇਆਂ
ਫੇਰ ਵੀ ਨਹੀਂ ਉਹ
ਟਲਿਆ ਕੁੱਤਾ
ਨੰਗੀ ਲਾਸ਼ ਨੂੰ
ਨੋਚਨ ਤੋਂ

### ਸ਼ਹਿਰ ਦੇ ਲੋਕ

ਮਹਿੰਗੇ ਲੀੜੇ ਪਾ ਕੇ ਤੇ
ਭਾਵੇਂ ਚੰਗੇ ਲਗਦੇ ਨੇ
ਨੰਗੇ ਲਗਦੇ ਨੇ ।

—o—

## ਆਸ਼ਕ ਅਲੀ ਫੈਸਲ

### ਇਕ ਬੇਵਫਾ ਲਈ

ਜੀ ਤੇ ਕਰਦਾ ਤੈਨੂੰ
ਦੁਸ਼ਮਣ ਮਨ ਲਵਾਂ
ਪਰ ਨਹੀਂ ।

—o—

## ਕਾਇਮ ਨਕਵੀ

### ਇਕੋ ਈ ਗੱਲ

ਰੋਜ਼ ਦਿਹਾੜੇ ਸ਼ੀਸ਼ਾ ਤੱਕੀਏ
ਆਪਣੀ ਸੂਰਤ ਤੋਂ ਨਾ ਅੱਕੀਏ ।

### ਤਨਖਾਹ

ਜਿਸਰਾਂ ਇਕ ਅਲੜ੍ਹ ਮੁਟਿਆਰ
ਹੁਸਨ ਦੀ ਥਾਂ ਰੋਂਦੀ ਹੋਵੇ ।

—o—

## ਗੁਲਜ਼ਾਰ ਅਹਿਮਦ ਗੁਲਜ਼ਾਰ

ਸਾਈਆਂ ਜਿੱਥੇ ਭੁੱਖ ਨਾ ਲੱਗੇ
ਦੱਸ ਕੋਈ ਐਸੀ ਥਾਂ
ਸੁਰਖੀ ਸੀ ਅਖ਼ਬਾਰ ਦੀ
ਬੱਚੇ ਖਾ ਗਈ ਮਾਂ
ਚਾਰ ਚੁਫੇਰਾ ਧੁਖਦਾ
ਸੜਦਾ ਆਲ ਦੁਆਲ
ਖੌਫ ਜਿਹਾ ਏ ਅੰਤਰਾ
ਹਰ ਬੰਦੇ ਦੇ ਨਾਲ
ਸੁਣ ਨੀ ਜਿੰਦੇ ਮੇਰੀਏ
ਇੰਜ ਨਾ ਝੱਲ ਖਲਾਰ
ਸੱਚ ਸਿਆਣੇ ਆਖਦੇ
ਤੋੜ ਨਾ ਚੜ੍ਹਦੇ ਪਿਆਰ ।

—o—



Sri Satguru Jagjit Singh Ji eLibrary NamdhariElibrary@gmail.com

# ਤਬਲੇ ਦਾ ਮਹੱਤਵ

—ਹਰਭਜਨ ਸਿੰਘ ਧਾਰੀਵਾਲ
ਐਮ.ਏ. (ਸੰਗੀਤ), ਬੀ.ਐਡ.

ਅੱਜ ਤਬਲਾ ਸਾਜ ਸਾਰੇ ਪ੍ਰਕਾਰ ਦੇ ਤਾਲ ਸਾਜ਼ਾਂ ਵਿਚੋਂ ਸੋਲੋਵਾਦਨ ਅਤੇ ਸੰਗਤ ਦੇ ਰੂਪ ਵਿਚ ਪ੍ਰਯੋਗ ਹੋਣ ਕਰਕੇ ਸਭ ਤੋਂ ਮਹੱਤਵਪਰਨ ਹੋ ਗਿਆ ਹੈ। ਭਾਵੇਂ ਪਖਾਵਜ ਸਾਜ਼ ਪ੍ਰਾਚੀਨ ਕਾਲ ਦਾ ਸਭ ਤੋਂ ਮਹੱਤਵਪੂਰਨ ਸਾਜ ਸੀ ਪ੍ਰੰਤੂ ਤਬਲਾ ਉਸ ਤੋਂ ਵੀ ਵੱਧ ਉਪਯੋਗੀ ਸਾਬਿਤ ਹੋਇਆ ਹੈ। ਕਿਉਂਕਿ ਤਬਲੇ ਤੇ ਖੁਲ੍ਹੇ ਤੇ ਜ਼ੋਰਦਾਰ, ਬੰਦ ਅਤੇ ਮਲਾਇਮ ਸਾਰੇ ਪ੍ਰਕਾਰ ਦੇ ਬੋਲ ਸੁੰਦਰਤਾ ਨਾਲ ਵਜਾਏ ਜਾ ਸਕਦੇ ਹਨ। ਤਬਲੇ ਤੇ ਪਖਾਵਜ ਦੀ ਥਾਪ ਤੋਂ ਇਲਾਵਾ ਖੱਬੇ ਤਬਲੇ ਰਾਹੀਂ ਗਮਕ ਤੇ ਘਸੀਟ ਜੋ ਢੋਲਕੀ ਤੇ ਵਜਾਈ ਜਾਂਦੀ ਹੈ, ਆਸਾਨੀ ਨਾਲ ਇਸ ਪ੍ਰਕਾਰ ਦੇ ਬੋਲ ਵਜਾਏ ਜਾ ਸਕਦੇ ਹਨ। ਤਬਲੇ ਦੀ ਸੰਗਤ ਭਾਵੇਂ ਧਰੁਪਦ ਦੇ ਨਾਲ ਖੁਲ੍ਹੇ ਬੋਲਾਂ ਰਾਹੀਂ ਕੀਤੀ ਜਾਵੇ ਜਾ ਖਿਆਲ ਨਾਲ ਬੰਦ ਬੋਲਾਂ ਰਾਹੀਂ ਕੀਤੀ ਜਾਵੇ ਦੋਹਾਂ ਹਾਲਤਾਂ ਚ' ਤਬਲੇ ਦੀ ਸੰਗਤ ਉਤਮ ਰਹਿੰਦੀ ਹੈ। ਗਾਇਨਵਾਦਨ ਦੀ ਸੰਗਤ ਅਤੇ ਸੋਲੋ ਵਾਦਨ ਕਰਕੇ ਤਬਲਾ ਵੱਧ ਤੋਂ ਵੱਧ ਫਾਇਦੇਮੰਦ ਸਾਬਤ ਹੋਇਆ ਹੈ।

ਤਬਲਾ ਇਕ ਅਜਿਹਾ ਸਾਜ ਹੈ ਜੋ ਹਰੇਕ ਤਰ੍ਹਾਂ ਦੀ ਸੰਗਤ ਦੇ ਲਈ ਲਾਭਦਾਇਕ ਹੈ, ਭਾਵੇਂ ਉਹ ਗਾਇਨ, ਵਾਦਨ ਜਾਂ ਨਾਚ ਕਿਉਂ ਨਾ ਹੋਵੇ ਅਤੇ ਗਾਇਨ ਦੀਆ ਸਾਰੇ ਪ੍ਰਕਾਰ ਦੀਆਂ ਸ਼ੈਲੀਆਂ, ਧਰੁਵਪਦ-ਧਮਾਰ, ਖਿਆਲ, ਠੁਮਰੀ, ਦਾਦਰਾ, ਗੀਤ, ਭਜਨ, ਸ਼ਬਦ ਆਦਿ ਲਈ। ਗਾਇਕਾਂ ਦੇ ਉੱਚੇ ਨੀਵੇਂ ਸਵਰ ਦੇ ਮੁਤਾਬਿਕ ਇਹ ਸਾਜ ਮਿਲਾਇਆ ਜਾ ਸਕਦਾ ਹੈ। ਸ਼ਾਸਤਰੀ ਸੰਗੀਤ ਦੀ ਸੰਗਤਿ ਤਬਲੇ ਦੁਆਰਾ ਹੀ ਸੰਤੋਸ਼ਜਨਕ ਹੁੰਦੀ ਹੈ। ਸੱਜੇ ਖੱਬੇ ਹੱਥ ਦੀਆਂ ਉਂਗਲਾਂ ਦਾ ਵਧੇਰੇ ਪ੍ਰਯੋਗ ਹੋਣ ਕਰਕੇ ਇਸ ਦੇ ਬੋਲ ਤੇਜ਼ ਲੈਅ ਵਿਚ ਵੀ ਵਜਾਏ ਜਾ ਸਕਦੇ ਹਨ। ਸਿਤਾਰ ਦੇ ਝਾਲੇ ਅਤੇ ਤਰਾਨੇ ਦੀ ਸੰਗਤ ਲਈ ਤੇਜ਼ ਗਤੀ ਨਾਲ ਤਬਲੇ ਤੇ ਉਂਗਲਾਂ ਦੇ ਪ੍ਰਯੋਗ ਹੋਣ ਕਰਕੇ ਇਹ ਸਾਜ ਬਾਕੀ ਸਾਜ਼ਾਂ ਨਾਲੋਂ ਆਪਣਾ ਇਕ ਅਲੱਗ ਸਥਾਨ ਬਣਾ ਗਿਆ ਹੈ। ਖੱਬੇ ਤਬਲੇ ਭਾਵ ਗੂੰਜਦਾਰ-ਡੁੱਗੀ ਵਿਚੋਂ ਖੱਬੇ ਹੱਥ ਦੀ ਹਥੇਲੀ ਨਾਲ ਘਸੀਟ ਗਮਕ ਤੋਂ ਇਲਾਵਾ ਦਾਬ-ਗਾਂਠ ਕਰਕੇ ਵੀ ਬੋਲਾਂ ਦੀ ਸੁੰਦਰਤਾ, ਕੋਮਲਤਾ, ਮਿਠਾਸ, ਅਕਰਸ਼ਕ ਆਦਿ ਬੋਲਾਂ ਦਾ ਨਿਕਾਸ ਕੇਵਲ ਖੱਬੇ ਤਬਲੇ ਵਿਚੋਂ ਹੀ ਹੋ ਸਕਦਾ ਹੈ।

ਸ਼ਾਸਤਰੀ ਸੰਗੀਤ ਤੋਂ ਇਲਾਵਾ ਅਰਧ-ਸ਼ਾਸਤਰੀ ਸੰਗੀਤ ਵਿਚ ਗਾਈ ਜਾਣ ਵਾਲੀ ਠੁਮਰੀ ਤੇ ਗ਼ਜ਼ਲ ਆਦਿ ਦੀ ਸੰਗਤ ਲਈ ਲਾਹੇਵੰਦ ਹੈ। ਨਜ਼ਾਕਤ ਨਾਲ ਗਾਈ ਜਾਣ ਵਾਲੀ ਗਜ਼ਲ ਦੇ ਮਿੱਠੇ ਸਵਰ ਅਤੇ ਤਬਲੇ ਤੇ ਉਂਗਲੀਆਂ ਦੇ ਪ੍ਰਹਾਰ ਤੋਂ ਨਿਕਲੇ ਕੋਮਲ ਤੇ ਮਿੱਠੇ ਬੋਲਾਂ ਦਾ ਨਿਕਾਸ ਸੰਗੀਤ ਦੀ ਮਹਿਫ਼ਲ ਵਿਚ ਰਸ ਘੋਲ ਦਿੰਦਾ ਹੈ। 'ਗ਼ਜ਼ਲ-ਗਾਇਨ ਵਿਚ ਤਬਲਾਵਾਦਨ ਦਾ ਉਹੀ ਮਹੱਤਵ ਹੈ, ਜੋ ਸਰੀਰ ਵਿਚ ਪ੍ਰਾਣ ਦਾ ਹੈ। ਪ੍ਰਾਣ-ਹੀਣ ਸਰੀਰ ਦੀ ਜੋ ਹਾਲਤ ਹੁੰਦੀ ਹੈ, ਠੀਕ ਉਹੋ ਹੀ ਤਬਲੇ ਦੀ ਸੰਗਤ ਤੋਂ ਬਿਨਾਂ ਗਜ਼ਲ ਗਾਇਣ ਦੀ ਸਮਝਣੀ ਚਾਹੀਦੀ ਹੈ।[1]

'ਤਬਲਾ ਸਾਰੇ ਪ੍ਰਕਾਰ ਦੀਆਂ ਗਾਇਨ ਸ਼ੈਲੀਆਂ ਅਤੇ ਵਾਦਨ ਸ਼ੈਲੀਆਂ ਵੀ ਸੰਗਤਿ ਦੇ ਲਈ ਉਪਯੋਗੀ ਹੈ, ਇਸ ਲਈ ਇਸਦਾ ਸਭ ਤੋਂ ਵੱਧ ਪ੍ਰਚਾਰ ਹੋਣਾ ਸੁਭਾਵਿਕ ਹੈ। ਭਰਿਆ ਹੋਇਆ ਠੇਕਾ ਤਬਲੇ ਦੁਆਰਾ ਹੀ ਸੰਭਵ ਹੈ। ਪਖਾਵਜ ਦੇ ਬੋਲ ਤਬਲੇ ਤੇ ਵਜਾਏ ਜਾ ਸਕਦੇ ਹਨ ਪਰ ਤਬਲੇ ਦੇ ਕਈ ਐਸੇ ਬੋਲ ਜਾਂ ਬੰਦਿਸ਼ਾਂ ਹਨ ਜੋ ਪਖਾਵਜ ਆਦਿ ਸਾਜ ਤੇ ਨਹੀਂ ਵਜਾਏ ਜਾ ਸਕਦੇ, ਜਿਸ ਤਰ੍ਹਾਂ ਕੁਝ ਕਾਇਦੇ ਤੇ ਲੱਗੀਆਂ ਆਦਿ। ਗਾਇਨ ਵਿਚ ਸੁਗਮ ਸੰਗੀਤ ਦਾ ਅੱਜ ਅਤਿਅੰਤ ਪ੍ਰਭਾਵ ਹੈ। ਦਾਦਰਾ, ਕਹਿਰਵਾ ਆਦਿ ਦੇ ਠੇਕੇ ਅਤੇ ਉਨ੍ਹਾਂ ਦੇ ਪ੍ਰਕਾਰਾਂ ਨੂੰ ਤਬਲੇ ਤੇ ਹੀ ਚੰਗੀ ਤਰ੍ਹਾਂ ਵਜਾਇਆ ਜਾ ਸਕਦਾ ਹੈ।[2]

"ਅੱਜ ਵੀ ਸੰਗੀਤ ਮਹਿਫ਼ਲਾਂ ਦਾ ਸਿਰਤਾਜ ਤਬਲਾ, ਗਾਇਕ, ਵਾਦਕ ਤੇ ਨ੍ਰਿਤਕ ਦਾ ਸਾਥੀ ਰਹਿੰਦਾ ਹੈ। ਸੰਗੀਤ ਦੇ ਲਈ ਹੋਰ ਕੋਈ ਸਾਜ਼ ਹੋਵੇ ਨਾ ਹੋਵੇ, ਪ੍ਰੰਤੂ ਤਬਲੇ ਦਾ ਹੋਣਾ ਜ਼ਰੂਰੀ ਹੈ। ਇਹ ਗਾਉਣ ਵਜਾਉਣ ਤੇ ਨੱਚਣ ਨੂੰ ਇਕ ਨਿਸ਼ਚਿਤ ਗਤੀ ਜਾਂ ਚਾਲ ਪ੍ਰਦਾਨ ਕਰਦਾ ਹੈ ਅਤੇ ਉਸ ਦੀ ਗਤੀ ਨੂੰ ਨਿਰੰਤਰ ਰੱਖਦਾ ਹੈ ਅਤੇ ਕਲਾਕਾਰ ਨੂੰ ਨਿਰਧਾਰਤ ਦਾਇਰੇ ਤੋਂ ਬਾਹਰ ਨਹੀਂ ਜਾਣ ਦੇਂਦਾ।"[3]

"ਅੱਜ ਤਾਂ ਗਾਇਨ ਦੇ ਸਾਰੇ ਪ੍ਰਕਾਰਾਂ ਵਿਚ ਤੰਤੀ ਸਾਜਾਂ ਅਤੇ ਨਾਚ ਦੀ ਸੰਗਤ ਵਿਚ ਤਬਲਾ ਇਕ ਜ਼ਰੂਰੀ ਸਾਜ ਬਣ ਚੁਕਾ ਹੈ। ਇਸ ਦਾ ਇਕ ਮਾਤਰ ਕਾਰਨ ਇਹ ਹੈ



Sri Satguru Jagjit Singh Ji eLibrary NamdhariElibrary@gmail.com

ਕਿ ਇਸ ਸਾਜ ਵਿਚ ਹੋਰ ਅਵਨਧ ਸਾਜ਼ਾਂ ਜਿਵੇਂ—ਪਖਾਵਜ, ਢੋਲਕ, ਨਾਲ ਆਦਿ ਸਾਜ਼ਾਂ ਦੇ ਸਾਰੇ ਗੁਣ ਮੌਜੂਦ ਹਨ।'[4]

"ਉਂਗਲੀਆਂ ਨਾਲ ਵਜਾਏ ਜਾਣ ਦੇ ਕਾਰਨ ਇਸ ਵਿਚ ਦਰੁੱਤ ਲੈਅ ਦਾ ਵਾਦਨ ਜਿੰਨੇ ਚੰਗੇ ਢੰਗ ਨਾਲ ਹੁੰਦਾ ਹੈ ਉਨ੍ਹਾਂ ਹੋਰ ਕਿਸੇ ਤਾਲ ਸਾਜ਼ਾਂ ਵਿਚ ਕਠਿਨ ਹੈ।"[5]

"ਗਾਇਨ ਦੀ ਸੰਗਤ ਹੋਵੇ ਭਾਵੇਂ ਤੰਤੀ ਸਾਜਾਂ ਦੀ ਸੰਗਤ ਹੋਵੇ, ਤਬਲੇ ਦੀ ਆਵਾਜ਼ ਨਿਰਾਲੀ ਹੀ ਸਵਰ ਲਹਿਰੀਆਂ ਦੇ ਦਰਸ਼ਨ ਕਰਾਉਂਦੀ ਹੈ। ਆਵਾਜ਼ ਦੇ ਇਸ ਨਿਰਾਲੇਪਨ ਵਿਚ ਬਹਾਰ ਆ ਜਾਂਦੀ ਹੈ।"[6]

"The Tabla is the most widely used percussion instrument in the north, although the Pakhawaj (also called Mridanga) is the most ancient of all percussion instruments it has been more or less superseded by the Tabla. The Tabla constitutes a vital part of Indian music, essentially in the North, and no concert, either Vocal or Instrumental can take place without a pair of Tablas."[7]

"Tabla is an important instrument and widely used with vocal and Instrumental music and dance in India. It makes the music and dance more attractive, melodius and appealing."[8]

"The Tabla is used all over the north, east and west for accompaning classical, light and modern music, either Vocal or Instrumentel and it is very essential for Kathak Dance."[9]

ਇਨ੍ਹਾਂ ਉਪਰੋਕਤ ਵਿਚਾਰਧਾਰਾਵਾਂ ਤੋਂ ਪਤਾ ਲਗਦਾ ਹੈ ਕਿ ਤਬਲਾ ਸਾਜ ਕਿਨ੍ਹਾਂ ਉਪਯੋਗੀ ਤੇ ਮਹੱਤਵਪੂਰਨ ਹੈ, ਬਾਕੀ ਅਵਨਧ ਸਾਜ਼ ਜਿਵੇਂ ਢੋਲ, ਢੋਲਕ, ਨਗਾਰਾ, ਡਫਲੀ ਆਦਿ ਵਿਸ਼ੇਸ਼ ਮੌਕਿਆਂ ਤੇ ਵਜਾਏ ਜਾਂਦੇ ਹਨ। 'ਗਾਇਕ, ਵਾਦਕ ਤੇ ਨ੍ਰਿਤਕ ਆਦਿ ਨਾਲ ਭਾਵੇਂ ਤਬਲਾ ਵਾਦਕ ਸਹਾਇਕ ਭੂਮਿਕਾ ਨਿਭਾਉਂਦਾ ਹੈ ਪ੍ਰੰਤੂ ਤਬਲਾ ਵਾਦਕ ਦਾ ਮਹੱਤਵ ਮੁੱਖ ਕਲਾਕਾਰ ਤੋਂ ਘੱਟ ਨਹੀਂ ਹੁੰਦਾ ਸਗੋਂ ਮੇਰੇ ਦ੍ਰਿਸ਼ਟੀਕੋਣ ਤੋਂ ਤਾਂ ਵੱਧ ਹੀ ਹੁੰਦਾ ਹੈ ਕਿਉਂਕਿ ਤਬਲੇ ਦੀ ਸੰਗਤ ਤੋਂ ਬਿਨਾਂ ਗਾਇਨਵਾਦਨ ਤੇ ਨ੍ਰਿਤ ਉਸੇ ਪ੍ਰਕਾਰ ਫਿੱਕਾ ਤੇ ਰਸਹੀਨ ਨਜ਼ਰ ਆਉਂਦਾ ਹੈ ਜਿਸ ਪ੍ਰਕਾਰ ਬਾਕੀ ਮਸਾਲੇ ਪਾਏ ਹੋਣ ਪਰ ਨਮਕ ਤੋਂ ਬਿਨਾਂ ਸਬਜ਼ੀ ਫਿੱਕੀ ਅਰਥਾਤ ਸਵਾਦ-ਰਹਿਤ ਹੁੰਦੀ ਹੈ।'[10]

ਤਬਲਾ ਸਾਜ ਕੇਵਲ ਸਾਥ-ਸੰਗਤ ਹੀ ਨਹੀਂ ਕਰਦਾ ਸਗੋਂ ਆਪਣੇ ਸੋਲੋਵਾਦਨ/ਇਕਲਵਾਦਨ ਕਰਕੇ ਵੀ ਅਤਿਅੰਤ ਮਹੱਤਵਪੂਰਨ ਹੈ। ਸੋਲੋ ਤਬਲਾ ਵਾਦਨ ਦੌਰਾਨ ਕਲਾਕਾਰ ਵਲੋਂ ਪੇਸ਼ ਕੀਤੀ ਜਾਣ ਵਾਲੀ ਤਾਲ ਦੀਆਂ ਮਾਤ੍ਰਾਂ ਦੇ ਅਨੁਕੂਲ ਹਾਰਮੋਨੀਅਮ ਜਾਂ ਸਾਰੰਗੀ ਰਾਹੀਂ ਤਾਲ ਨੂੰ ਆਧਾਰ ਪ੍ਰਦਾਨ ਕੀਤਾ ਜਾਂਦਾ ਹੈ। ਤਬਲਾ ਵਾਦਕ ਆਪਣੇ ਘਰਾਣੇ ਦੀ ਵਿਸ਼ੇਸ਼ ਪਹਿਚਾਣ ਪੇਸ਼ਕਾਰ ਰਾਹੀਂ ਕਰਾਉਂਦਿਆਂ ਵਿਸਤਾਰ ਕਰਦਾ ਹੈ। ਉਪਰੰਤ ਵਿਸ਼ੇਸ਼ ਕਾਇਦੇ ਪੇਸ਼ ਕਰਦਾ ਹੈ। ਕਾਇਦਿਆਂ ਤੋਂ ਉਪਰੰਤ ਮੁਖੜੇ, ਟੁਕੜੇ, ਉਠਾਨਾਂ, ਪਰਣਾਂ, ਫਰਮਾਇਸ਼ੀ ਤੇ ਚਕਰਦਾਰ, ਗਤਾਂ ਤੇ ਛੰਦ ਆਦਿ ਰੇਲੇ ਦੌਰਾਨ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਅੰਤ ਵਿਚ ਵਿਸ਼ੇਸ਼ ਪ੍ਰਕਾਰ ਦੀ ਤਿਹਾਈ ਆਦਿ ਰਾਹੀਂ ਵਾਦਨ ਦੀ ਸਮਾਪਤੀ ਕਰਦਾ ਹੈ, ਪ੍ਰੰਤੂ ਸ਼ੁਰੂ ਤੋਂ ਅੰਤ ਤਕ ਤਬਲਾਵਾਦਕ ਦੁਆਰਾ ਤਾਲ ਵਿਸਥਾਰ ਸਹਾਇਕ ਸਾਜ ਹਾਰਮੋਨੀਅਮ ਜਾਂ ਸਾਰੰਗੀ ਤੇ ਵੱਜਣ ਵਾਲੇ ਨਗਮੇ ਦੇ ਅਧੀਨ ਹੁੰਦਾ ਹੈ।

ਪੰਡਤ ਵਿਸ਼ਨੂ ਦਿਗੰਬਰ ਪੁਲਸਕਰ ਅਤੇ ਪੰਡਤ ਵੀ. ਐਨ. ਭਾਤਖੰਡੇ ਦੀ ਜੀਵਨ ਘਾਲਣਾ ਸਦਕਾ ਅੱਜ ਤਬਲਾ ਸੰਗੀਤ ਦੇ ਉਪ-ਵਿਸ਼ੇ ਵਜੋਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦੂਜੇ ਵਿਸ਼ਿਆਂ ਵਾਂਗ ਅਧਿਐਨ ਕਰਾਇਆ ਜਾਂਦਾ ਹੈ। ਇਥੇ ਹੀ ਬਸ ਨਹੀਂ, ਸਗੋਂ ਇਹ ਵਿਸ਼ਾ ਪੀ.ਐਚ.ਡੀ. ਦੀ ਡਿਗਰੀ ਲਈ ਮਾਨਤਾ ਪ੍ਰਾਪਤ ਕਰ ਗਿਆ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ ਉਤੇ ਤਬਲਾ ਵਾਦਨ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ, ਪ੍ਰਯਾਗ ਸੰਗੀਤ ਸੰਮਤੀ ਇਲਾਹਾਬਾਦ ਅਤੇ ਅਖਿਲ ਭਾਰਤੀਯ ਗੰਧਰਵ ਮਹਾਵਿਦਿਆਲਯ ਮੁੰਬਈ ਵਲੋਂ 'ਤਬਲੇ' ਵਿਸ਼ੇ ਸਬੰਧੀ ਸੰਗੀਤ ਵਿਸ਼ਾਰਦ ਅਤੇ ਸੰਗੀਤ ਭਾਸਕਰ/ਸੰਗੀਤ ਪ੍ਰਵੀਨ ਆਦਿ ਦੇ ਡਿਪਲੋਮੇ ਵੀ ਕਰਾਏ ਜਾਂਦੇ ਹਨ। ਤਬਲੇ ਦੇ ਪ੍ਰਚਾਰ ਪ੍ਰਸਾਰ ਲਈ ਰੇਡੀਓ ਟੀ.ਵੀ. ਅਤੇ ਸ਼ਾਸਤਰੀ ਸੰਗੀਤ ਦੀਆਂ ਗੋਸ਼ਟੀਆਂ ਨੇ ਵੀ ਵਧ ਚੜ੍ਹਕੇ ਹਿੱਸਾ ਪਾਇਆ ਹੈ।



Sri Satguru Jagjit Singh Ji eLibrary NamdhariElibrary@gmail.com

ਜਲਤਰੰਗ ਦੇ ਆਧਾਰ ਤੇ ਬਣਿਆ ਅੱਜ ਤਬਲਾਤਰੰਗ ਵਾਦਨ ਵੀ ਸ਼ਾਸਤਰੀ ਸੰਗੀਤ ਦੇ ਆਰਕੈਸਟਰੇ ਤੋਂ ਇਲਾਵਾ ਫ਼ਿਲਮੀ ਸੰਗੀਤ ਵਿਚ ਵੀ ਆਪਣਾ ਸਥਾਨ ਬਣਾ ਗਿਆ ਹੈ। ਇਸ ਵਿਚ ਕਲਾਕਾਰ ਵਲੋਂ ੧੨ ਜਾਂ ਲੋੜ ਅਨੁਸਾਰ ਵਧ ਘਟ ਤਬਲੇ (ਦਾਏਂ) ਰਾਗ ਅਨੁਸਾਰ ਵੱਖ ਵੱਖ ਸਵਰ ਤੇ ਮਿਲਾ ਲਏ ਜਾਂਦੇ ਹਨ। ਅਰਧ ਚੱਕਰ ਵਿਚ ਰੱਖ ਕੇ ਕਲਾਕਾਰ ਵਲੋਂ ਰਾਗ ਰਾਗਨੀਆਂ ਤੋਂ ਇਲਾਵਾ ਅਰਧ-ਸ਼ਾਸਤਰੀ ਸੰਗੀਤ ਤੇ ਲੋਕ ਸੰਗੀਤ ਸਬੰਧੀ ਧੁਨਾਂ ਵਜਾਈਆਂ ਜਾਂਦੀਆਂ ਹਨ। ਫ਼ਿਲਮੀ ਸੰਗੀਤ ਹੋਵੇ ਜਾਂ ਲੋਕ ਸੰਗੀਤ ਤਬਲੇ ਨੂੰ ਇਸਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਕੱਵਾਲੀ ਗਾਇਨ ਸ਼ੈਲੀ ਤਾਂ ਤਬਲੇ ਨਾਲ ਹੀ ਜਚਦੀ ਹੈ।

'ਤਾਲ ਕਚਹਿਰੀ' ਆਧੁਨਿਕ ਯੁਗ ਦੇ ਵਿਦਵਾਨਾਂ ਵਲੋਂ ਰੱਖਿਆ ਨਵਾਂ ਸ਼ਬਦ ਹੈ। ਜਿਸ ਤਰ੍ਹਾਂ ਤੱਤ, ਘਣ, ਸੁਸ਼ਿਰ ਅਤੇ ਅਵਨਧ ਵਾਦਾਂ ਦੁਆਰਾ ਇਕ ਹੀ ਰਾਗ ਨੂੰ ਵਖ ਵਖ ਸਾਜ਼ਾਂ ਤੇ ਵਜਾਇਆ ਜਾਂਦਾ ਹੈ, ਠੀਕ ਉਸੇ ਹੀ ਤਰ੍ਹਾਂ ਭਿੰਨ-ਭਿੰਨ ਤਾਲ ਸਾਜ਼ਾਂ – ਜਿਵੇਂ ਤਬਲਾ, ਮ੍ਰਿਦੰਗ, ਘੜਾ (ਘਟਮ), ਡਰੱਮ ਸੈੱਟ ਅਤੇ ਢੋਲਕ ਆਦਿ –'ਤੇ ਇਕ ਹੀ ਤਾਲ ਨੂੰ ਇਸ ਤਰ੍ਹਾਂ ਵਜਾਇਆ ਜਾਏ ਕਿ ਵਾਰੀ-ਵਾਰੀ ਹਰੇਕ ਕਲਾਕਾਰ ਇਕ-ਇਕ ਪਰਣ, ਟੁਕੜਾ ਤੇ ਹੋਰ ਬੰਦਸ਼ਾਂ ਵਜਾਉਣ। ਇਸ ਵਾਦਨ ਨੂੰ 'ਤਾਲ ਕਚਹਿਰੀ' ਕਿਹਾ ਜਾਂਦਾ ਹੈ।[11] ਤਾਲ ਕਚਹਿਰੀ ਵਿਚ ਵੀ ਤਬਲੇ ਨੂੰ ਸਰਵੋਤਮ ਸਥਾਨ ਪ੍ਰਾਪਤ ਹੋਇਆ ਹੈ।

ਉਸਤਾਦ ਅੱਲਾ ਰੱਖਾ ਖ਼ਾਂ ਅਤੇ ਉਨ੍ਹਾਂ ਦੇ ਸਪੁੱਤਰ ਜ਼ਾਕਿਰ ਹੁਸੈਨ ਨੇ ਡਿਊਟ ਤਬਲਾਵਾਦਨ (ਜੁਗਲਬੰਦੀ) ਦੀ ਨਵੀਨ ਸ਼ੈਲੀ ਨੂੰ ਜਨਮ ਦੇ ਕੇ ਸੰਸਾਰ ਪੱਧਰ ਤੱਕ ਤਬਲੇ ਨੂੰ ਪ੍ਰਸਿੱਧੀ ਦੁਆਈ ਹੈ। ਜਿਸ ਕਰਕੇ ਕਲਾਕਾਰਾਂ ਅਤੇ ਸਰੋਤਿਆਂ ਦੀ ਤਬਲੇ ਪ੍ਰਤੀ ਰੌਚਕਤਾ ਤੇ ਉਤਸੁਕਤਾ ਵਧੀ ਹੈ। ਅੱਜ ਹਿੰਦੋਸਤਾਨ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਦੇ ਕਲਾਕਾਰ ਇਸ ਭਾਰਤੀ ਤਬਲਾ ਸਾਜ ਨੂੰ ਸਿੱਖਣ ਵਿਚ ਉਤਸੁਕਤਾ ਨਾਲ ਜੁਟੇ ਹਨ। ਅਮਰੀਕਾ ਦੇ ਜਾਜ (ਜੈਜ) ਸੰਗੀਤ ਵਿਚ ਇਹ ਸਾਜ਼ ਆਪਣੀ ਵਿਸ਼ੇਸ਼ਤਾ ਕਰਕੇ ਪ੍ਰਵਾਨਿਆ ਗਿਆ ਹੈ।

ਭਾਵੇਂ ਤਬਲਾ ਹਿੰਦੋਸਤਾਨੀ ਸੰਗੀਤ ਦੀਆਂ ਗਾਇਨ ਸ਼ੈਲੀਆਂ ਵਾਦਨ ਸ਼ੈਲੀਆਂ ਤੋਂ ਇਲਾਵਾ ਨਾਚ ਸ਼ੈਲੀਆ ਦਾ ਹਮੇਸ਼ਾਂ ਸਾਥੀ ਰਿਹਾ ਹੈ, ਪਰ ਆਧੁਨਿਕ ਯੁੱਗ ਵਿਚ ਸ਼ਬਦ ਕੀਰਤਨ ਜੋ ਸਿੱਖ ਧਰਮ ਦਾ ਅਨਿਖੜਵਾਂ ਅੰਗ ਹੈ ਲਈ ਤਾਂ ਤਬਲਾ ਅਤਿ ਜ਼ਰੂਰੀ ਸਾਜ ਮੰਨਿਆ ਜਾਂਦਾ ਹੈ। ਮੱਧਕਾਲ ਤੋਂ ਚਲੀ ਆ ਰਹੀ ਰਾਗਾਂ ਦੇ ਆਧਾਰ ਤੇ ਸ਼ਬਦ ਕੀਰਤਨ ਦੀ ਪਰੰਪਰਾ ਜੋ ਧਰੁਵਪਦ ਸ਼ੈਲੀ ਤੇ ਆਧਾਰਿਤ ਹੋਣ ਕਰਕੇ ਪਖਾਵਜ ਸਾਜ਼ ਨਾਲ ਹੀ ਸੰਭਵ ਸੀ। ਉਸ ਤੋਂ ਬਾਅਦ ਪਖਾਵਜ ਦੀ ਸ਼ੈਲੀ ਅਨੁਸਾਰ ਜੋੜੀ (ਤਬਲਾ) ਜੋ ਆਕਾਰ ਵਿਚ ਅੱਜ ਦੇ ਤਬਲੇ ਨਾਲੋਂ ਵੱਡਾ ਹੁੰਦਾ ਸੀ ਤੇ ਡੁੱਗੀ (ਧਾਮੇ) ਤੇ ਆਟਾ ਲਗਾ ਕੇ ਖੁਲ੍ਹੇ ਬੋਲਾਂ ਦੁਆਰਾ ਸ਼ਬਦ ਕੀਰਤਨ ਨਾਲ ਵਜਾਇਆਂ ਜਾਂਦਾ ਸੀ। ਅਧੁਨਿਕ ਯੁੱਗ ਵਿਚ ਵੀ ਗੁਰਮਤਿ ਸੰਗੀਤ ਵਿਚ ਤਬਲੇ ਦੀ ਸੰਗਤ ਲਾਜ਼ਮੀ ਹੋ ਗਈ ਹੈ।

ਸਦੀਆਂ ਦਾ ਸਫ਼ਰ ਤਹਿ ਕਰਦਾ ਅਤੇ ਆਪਣਾ ਰੂਪ ਵਟਾਉਂਦਾ ਹੋਇਆ ਤਬਲਾ ਸਾਜ ਅੱਜ ਹਿੰਦੋਸਤਾਨ ਹੀ ਨਹੀਂ ਸਗੋਂ ਸੰਸਾਰ ਪੱਧਰ ਤੇ ਅਵਨਧ ਸਾਜ਼ਾਂ ਵਿਚੋਂ ਸਰਵੋਤਮ ਸਥਾਨ ਪ੍ਰਾਪਤ ਕਰ ਗਿਆ ਹੈ। ਅੱਜ ਤਬਲੇ ਦਾ ਭਵਿੱਖ ਉਜਵਲ ਹੈ।

ਇਨ੍ਹਾਂ ਸਾਰੇ ਵਿਚਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਅੱਜ ਤਬਲਾ ਸਾਜ ਹਿੰਦੋਸਤਾਨੀ ਸੰਗੀਤ ਵਿਚ ਮਹੱਤਵਪੂਰਨ ਹੋ ਨਿਬੜਿਆ ਹੈ। (‿)

---

**ਫੁਟ ਨੋਟ :**

1. 'ਸੰਗੀਤ' ਮਈ ੧੯੬੭ ਪੰਨਾ ੫੫
2. 'ਸੰਗੀਤ' ਮਈ ੧੯੭੯ ਪੰਨਾ ੨੧
3. 'ਧਰਮਯੁਗ ਸਪਤਾਹਿਕ' ੬ ਸਿਤੰਬਰ ੧੯੭੯, ਪੰਨਾ ੬੨
4. 'ਸੰਗੀਤ ਕਲਾ ਵਿਹਾਰ' ਮਈ ੧੯੭੦, ਪੰਨਾ ੧੯
5. ਭਗਵਤ ਸ਼ਰਮਾ, 'ਤਾਲ ਪ੍ਰਕਾਸ਼', ਪੰਨਾ ੧੮
6. ਮਿਸਤ੍ਰੀ, ਅਬਾਨ ਏ-ਪਖਾਵਜ ਤੇ ਤਬਲੇ ਦੇ ਘਰਾਣੇ ਤੇ ਪਰੰਪਰਾਵਾਂ
7. Krishnaswami, Musical Instrument of India, Page 42.
8. Vir Ram Avtar, ' Musical Instrument of India Page 42.
9. S, Vishnudas, "SARGAM AN Instroduction to Indian Music, Page 93.
10. ਡਾ. ਚਿਤਰ ਗੁਪਤਾ, ਸੰਗੀਤ ਵਿਚ ਤਾਲ ਸਾਜ਼ਾਂ ਦੀ ਉਪਯੋਗਤਾ, ਪੰਨਾ ੭੦।
11. ਭਗਵਤ ਸ਼ਰਮਾ, 'ਤਾਲ ਪ੍ਰਕਾਸ਼', ਪੰਨਾ ੭੮।

੧੪੪੦/੧੦ ਸੈਕਟਰ ੬੫
ਐਸ.ਏ.ਐਸ. ਨਗਰ, ਚੰਡੀਗੜ੍ਹ



Sri Satguru Jagjit Singh Ji eLibrary NamdhariElibrary@gmail.com

# "ਹੁਕਮ ਰਜਾਈ ਚਲਣਾ ॥"

—ਤਰਲੋਕ ਮਨਸੂਰ

ਮਨੁੱਖ ਏਨਾ ਅਧੀਰ ਕਿਉਂ ਹੈ? ਏਨਾ ਬੇਚੈਨ? ਕੇਵਲ ਭਟਕਣਾ ਹੀ ਕਿਉਂ ਇਸ ਦੀ ਤਕਦੀਰ ਬਣਕੇ ਰਹਿ ਗਈ ਹੈ? ਹਰ ਵੇਲੇ ਦਾ ਸਹਿਮ? ਲਗਾਤਾਰ ਇਕ ਬੇ-ਨਕਸ਼ ਭੈਅ ਦਾ ਸਾਇਆ ਮਨੁੱਖ ਦਾ ਪਿੱਛਾ ਕਰਦਾ ਰਹਿੰਦਾ ਹੈ।

ਇਹ ਕਿਹੋ ਜਿਹੀ ਜ਼ਿੰਦਗੀ ਹੈ?

ਸਰਸਰੀ ਨਜ਼ਰੇ ਵੇਖਿਆਂ ਇਸ ਦੇ ਕਈ ਕਾਰਨ ਹੋ ਸਕਦੇ ਹਨ:—ਪਰਸਥਿਤੀਆਂ ਉਤ ਮਨੁੱਖ ਦਾ ਵੱਸ ਨਾ ਹੋਣਾ। ਉਹ ਸੋਚਦਾ ਕੁਝ ਹੋਰ ਹੈ ਹੋ ਕੁਝ ਹੋਰ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ 'ਚ ਪੱਲੇ ਪਈਆਂ ਅਸਫਲਤਾਵਾਂ, ਅਨਿਸਚਿਤ ਭਵਿਖ, ਅਸੁਰਖਿਆ-ਭਾਵਨਾ, ਰੋਜ਼ਗਾਰ ਦੇ ਗ਼ਮ, ਬੱਚਿਆਂ ਦੇ ਭਵਿਖ ਪ੍ਰਤੀ ਚਿੰਤਾ ਤੇ ਇੰਜ ਅਨੇਕ ਹੋਰ ਕਾਰਨ ਗਿਣਾਏ ਜਾ ਸਕਦੇ ਹਨ। ਪਰ ਮਨੋਵਿਗਿਆਨੀਆਂ ਦੀ ਖੋਜ ਅਨੁਸਾਰ ਇਸ ਦਾ ਕਾਰਨ ਬੜਾ ਗਹਿਰਾ ਹੈ, ਤੇ ਜਿੰਨਾਂ ਚਿਰ ਬੰਦਾ 'ਨਿਰਭਉ' ਨਹੀਂ ਹੋ ਜਾਂਦਾ, ਸਹਿਮ ਦੇ ਇਸ ਲੋਹ-ਜਾਲ ਤੋਂ ਉਸ ਦਾ ਛੁਟਕਾਰਾ ਨਹੀਂ ਹੋ ਸਕਦਾ।

ਮਨੋ-ਵਿਗਿਆਨੀ ਦੱਸਦਾ ਹੈ ਬੱਚਾ ਮਾਂ ਦੇ ਗਰਭ ਵਿਚ ਹੈ, ਪੂਰਨ ਤੌਰ ਤੇ ਸੁਰਖਿਅਤ, ਆਪਣੀ ਜੀਵਨ-ਦਾਤੀ ਨਾਲ ਜੁੜਿਆ ਹੋਇਆ। ਮਾਂ ਖਾਂਦੀ ਪੀਂਦੀ ਹੈ ਤਾਂ ਜੀਵਨ-ਊਰਜਾ ਬੱਚੇ ਨੂੰ ਵੀ ਮਿਲ ਰਹੀ ਹੈ। ਮਾਂ ਸਾਹ ਲੈਂਦੀ ਹੈ ਤਾਂ ਪ੍ਰਾਣਾਂ ਦਾ ਸੰਚਾਰ ਬੱਚੇ ਅੰਦਰ ਵੀ ਹੁੰਦਾ ਹੈ। ਉਸ ਲਈ ਜੀਵਨ ਇਕ ਸਹਿਜ-ਕਿਰਿਆ ਹੈ। ਕੋਈ ਚਿੰਤਾ ਨਹੀਂ, ਕੋਈ ਭੈਅ ਨਹੀਂ, ਕੋਈ ਮਾਨਸਿਕ-ਤਣਾਅ ਨਹੀਂ। ਸਹਿਜ ਅਵਸਥਾ ਵਿਚ ਉਹ ਸਵਰਗ ਭੋਗ ਰਿਹਾ ਹੈ। ਜੀਵਨ ਦੀ ਹਰ ਲੋੜ ਆਪਣੇ ਆਪ ਪੂਰੀ ਹੋ ਰਹੀ ਹੈ। ਅਗਲੇ ਛਿਣ ਕੀ ਵਾਪਰਨ ਵਾਲਾ ਹੈ? ਉਹ ਇਹ ਵੀ ਨਹੀਂ ਜਾਣਦਾ। ਪੂਰਨ ਰੂਪ ਵਿਚ ਨਿਸਚਿੰਤ ਹੈ ਉਹ।

ਤੇ ਫਿਰ ਉਹ ਘਟਨਾ ਵਾਪਰਦੀ ਹੈ ਜਿਸ ਦਾ ਚਿੱਤ-ਚੇਤਾ ਵੀ ਨਹੀਂ ਸੀ ਉਸ ਨੂੰ। ਉਹ ਮਾਂ ਦੇ ਗਰਭ ਚੋਂ ਬਾਹਰ ਆਉਂਦਾ ਨੂੰ। ਖੁਲ੍ਹੇ ਆਕਾਸ਼ ਹੇਠ ਪਹਿਲਾ ਸਾਹ ਤੇ ਅਸੀਂ ਫਟਾ-ਫਟ ਉਸਦਾ ਨਾੜੂ ਕੱਟ ਦੇਂਦੇ ਹਾਂ। ਉਹ ਆਪਣੇ ਸਰੋਤ ਨਾਲੋਂ ਟੁਟਦਾ ਹੈ।

ਨਨ੍ਹੀ ਜਾਨ ਲਈ ਇਹ ਇਕ ਕਰੂਰਤਾ ਭਰਿਆ ਅਸਹਿ ਝਟਕਾ ਹੈ। ਉਸ ਨੂੰ ਧੱਕਾ ਦੇ ਕੇ ਅਦਨ ਦੇ ਬਾਗੋਂ ਇਸ ਧਰਤੀ ਉਤੇ ਸੁਟਿਆ ਗਿਆ ਹੈ। ਇਸ ਅਣ-ਕਿਆਸੇ ਤੇ ਅਚਾਨਕ ਵਾਪਰੇ ਹਾਦਸੇ ਨਾਲ ਉਸ ਦੇ ਕੋਮਲ ਕੁਆਰੇ ਮਨ ਦੀ ਧਰਤੀ ਵਿਚ ਸਹਿਮ ਦਾ ਬੀਜ ਅੰਕੁਰ ਮਾਰਦਾ ਹੈ। ਅਸੁਰਖਿਆ ਦੀ ਭਾਵਨਾ ਪਨਪਦੀ ਹੈ। ਤੇ ਫਿਰ ਇਹ ਅੰਕੁਰ ਉਮਰ ਭਰ ਉਸ ਮਾਨਸਿਕ-ਤਲ ਉਤੇ ਵਧਦਾ ਫੈਲਦਾ ਰਹਿੰਦਾ ਹੈ। ਇਸ ਸਹਿਮ ਵੇਲ ਨੂੰ ਚਿੰਤਾ, ਵਹਿਮ, ਅਨਿਸਚਤਾ, ਦੋ-ਚਿੱਤੀ ਤੇ ਢਹਿੰਦੀਆਂ ਸੋਚਾਂ ਦੇ ਕੌੜੇ ਫਲ ਲਗਦੇ ਰਹਿੰਦੇ ਹਨ।

ਰੋਜ਼ਾਨਾ ਜ਼ਿੰਦਗੀ ਦੇ ਵਰਤਾਰੇ ਵਿਚ ਇਹ ਵੇਖਿਆ ਗਿਆ ਹੈ ਕਿ ਮਨੁੱਖ ਆਪਣੇ ਨਾਲ ਤਕੜੇ ਕਿਸੇ ਹੋਰ ਮਨੁੱਖ ਦਾ ਆਸਰਾ ਭਾਲਦਾ ਰਹਿੰਦਾ ਹੈ, ਤਾਂ ਕਿ ਕਿਸੇ ਭੀੜ ਬਣੀ ਤੇ ਉਹ ਉਸ ਦੇ ਕੰਮ ਆ ਸਕੇ।

ਪਰ ਅਜਿਹਾ ਹੁੰਦਾ ਨਹੀਂ, ਕਿਉਂਕਿ ਤਕੜੇ ਤੋਂ ਤਕੜਾ ਮਨੁੱਖ ਵੀ 'ਨਿਰਭਉ' ਨਹੀਂ ਹੁੰਦਾ। ਉਹ ਆਪ ਕਿਸੇ ਹੋਰ ਵਡੇਰੇ ਤੇ ਤਕੜੇ ਆਸਰੇ ਦੀ ਤਲਾਸ਼ ਵਿਚ ਹੁੰਦਾ ਹੈ।

ਤੇ ਇੰਜ ਗੱਲ ਜਾ ਕੇ ਅਖੀਰ ਉਸ ਨਿਰਭਉ ਤੇ ਹੀ ਮੁਕਦੀ ਹੈ, ਜਿਸ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿਚ ਕੀਤਾ ਹੈ। ਇਹ ਇਕ ਮਹਾਨ ਵਿਗਿਆਨਕ ਸਚਾਈ ਹੈ ਕਿ ਭੈਅ ਦਾ ਅੰਤ ਨਿਰਭਉ ਦੀ ਸ਼ਰਨ ਵਿਚ ਆ ਕੇ ਆਪ ਨਿਰਭਉ ਹੋ ਜਾਣ ਨਾਲ ਹੀ ਹੁੰਦਾ ਹੈ।

**ਤੇ ਇਸ ਸ਼ਰਨ ਆਉਣ ਦੀਆਂ ਬਸ ਦੋ ਹੀ ਸ਼ਰਤਾਂ ਹਨ—ਆਪਣੀ ਹਉਂ ਦਾ ਪੂਰਨ ਰੂਪ ਵਿਚ ਸਮਰਪਣ ਤੇ ਉਸ ਦੀ ਰਜ਼ਾ ਨੂੰ ਸਰਵ-ਉੱਚ ਮੰਨ ਲੈਣਾ।**

ਜੋ ਕੁਝ ਵੀ ਹੋ ਰਿਹਾ ਹੈ, ਉਹਦੇ ਹੁਕਮ ਅੰਦਰ ਹੋ ਰਿਹਾ ਹੈ ਤੇ ਸਭ ਠੀਕ ਹੋ ਰਿਹਾ ਹੈ।

.. ਤੇ ਜਦੋਂ ਸਭ ਠੀਕ ਹੀ ਹੋ ਰਿਹਾ ਹੈ ਤਾਂ ਚਿੰਤਾ ਕਾਹਦੀ? ਭੈਅ ਕਾਹਦਾ?

੧੬੦ ਫੈਕਟਰੀ ਏਰੀਆ
ਗੋਇੰਦਵਾਲ ਸਾਹਿਬ



Sri Satguru Jagjit Singh Ji eLibrary NamdhariElibrary@gmail.com

# ਸਰਹੱਦਾਂ ਦੀ ਰਾਖੀ

—ਗੁਰਦੇਵ ਸਿੰਘ ਹੰਜ ।

੧੯੭੨ ਦੀ ਗੱਲ ਏ ਸਾਡੀ ੧੯ ਸਿਖ ਰਜਮੈਂਟ ੧੯੭੧ ਦੀ ਲੜਾਈ ਸਮੇਂ ਲੇਹ ਲਦਾਖ ਦੇ ਏਰੀਏ ਵਿਚ ਸੀ। ਲੜਾਈ ਬੰਦ ਹੋਣ ਪਿਛੋਂ ਪਲਟਨ ਨੌਸ਼ੈਹਰਾ ਆ ਗਈ। ਏਹਨਾਂ ਦਿਨਾਂ ਵਿਚ ਰਾਜੌਰੀ ਤੋਂ ਅਗੇ ਗੰਭੀਰ ਇਲਾਕੇ ਵਿਚ ਪਾਕਿਸਤਾਨੀ ਬਾਰਡਰ ਤੇ ਲਗੀ ਹੋਈ ਬੀ. ਐਸ.ਐਫ ਨੇ ਟਰੇਨਿੰਗ ਕਰਨੀ ਸੀ, ਏਸ ਕਰਕੇ ਸਾਡੀ ਪਲਟਨ ਦੀਆਂ ਦੋ ਕੰਪਨੀਆਂ ਨੇ ਉਹਨਾਂ ਨੂੰ ਟਰੇਨਿੰਗ ਵਾਸਤੇ ਬਦਲੀ ਕੀਤਾ। ਏਸ ਥਾਂ ਦਾ ਮੌਸਮ ਬੜਾ ਖਰਾਬ ਰਹਿੰਦਾ ਏ। ਖਾਸ ਕਰਕੇ ਸਰਦੀਆਂ ਨੂੰ ਕਿਣਮਿਣ, ਧੁੰਦ, ਬੱਦਲ ਗਰਜਦਾ ਤੇ ਲਿਸ਼ਕਦਾ ਰਹਿੰਦਾ ਏ । ਆਸਮਾਨੀ ਬਿਜਲੀ ਦਾ ਕਾਫ਼ੀ ਖਤਰਾ ਰਹਿੰਦਾ ਏ। ਇਕ ਦਿਨ ਸਾਡੇ ਕੰਪਨੀ ਕਮਾਂਡਰ ਮੇਜਰ ਅਵਤਾਰ ਸਿੰਘ ਢਿਲੋਂ ਇਕ ਪੋਸਟ ਨੂੰ ਚੈਕ ਕਰਨ ਗਏ ਤੇ ਉਹਨਾਂ ਤੋਂ ਥੋਹੜੀ ਦੂਰ ਤੇ ਬਿਜਲੀ ਡਿੱਗੀ ਜਿਸ ਕਰਕੇ ਉਹਨਾਂ ਦੇ ਇਕ ਪਾਸੇ ਨੂੰ ਸੇਕ ਲਗਾ ਤੇ ਲਾਲ ਹੋ ਗਿਆ। ਦੂਰ ਹੋਣ ਕਰਕੇ ਬਚ ਗਏ।

ਕਸ਼ਮੀਰ ਦਾ ਬਾਰਡਰ ਵੀ ਬੜੀ ਅਜੀਬ ਜਿਹਾ ਏ। ਕਿਤੇ ਸਾਡੀਆਂ ਪੋਸਟਾਂ ਉਚੀ ਥਾਂ ਤੇ, ਕਿਤੇ ਪਾਕਿਸਤਾਨ ਦੀਆਂ, ਕਿਤੇ ਜੰਗਲੀ ਇਲਾਕਾ, ਕਿਤੇ ਮੈਦਾਨੀ, ਕਿਤੇ ਵਗਦੇ ਨਾਲੇ ਦੀ, ਕਿਤੇ ਸੁਕੇ ਦੀ ਹੱਦ ਤੇ ਕਈ ਥਾਂਈਂ ਕੋਈ ਨਿਸ਼ਾਨੀ ਨਹੀਂ ਸ਼ਾਫ ਈ ਥਾਂ ਏ। ਕਿਤੇ ਆਮੋ-ਸਾਹਮਣੇ ਮੋਰਚੇ ਦਿਸਦੇ ਨੇ ਤੇ ਕਈ ਥਾਂ ਕੁਝ ਵੀ ਪਤਾ ਨਹੀਂ ਲਗਦਾ। ਕੋਈ ਪੋਸਟ ਸਾਡੀ ਅੱਗੇ ਵਧੀ ਹੋਈ ਹੁੰਦੀ ਏ ਤੇ ਕਈ ਥਾਂਈਂ ਉਹਨਾਂ ਦੇ ਪੋਸਟ ਸਾਡੇ ਘੇਰੇ ਵਿਚ ਹੁੰਦੇ ਨੇ। ਪੱਕੀਆਂ ਬੁਰਜੀਆਂ ਜਾਂ ਕੋਈ ਬਾਊਂਡਰੀ ਵੇਖਣ ਨੂੰ ਨਹੀਂ ਮਾਰਕ ਕੀਤੀ ਹੋਈ ਹੈ, ਨਕਸ਼ੇ ਤੇ ਜ਼ਰੂਰ ਲਾਈਨ ਖਿੱਚੀ ਹੁੰਦੀ ਏ ਤੇ ਓਸੇ ਦੀ ਮਦਦ ਨਾਲ ਨਵੇਂ ਟਰੁਪਾਂ ਨੂੰ ਜ਼ਮੀਨ ਤੇ ਸਮਝਾਇਆ ਜਾਂਦਾ ਹੈ।

ਕਈ "ਥਾਂ" ਬਾਰਡਰ ਤੇ ਏਹੋ ਜਹੇ ਵੀ ਨੇ ਕਿ ਸਾਂਝੇ ਚਸ਼ਮੇ ਪਾਣੀ ਵਾਸਤੇ ਵਰਤੇ ਜਾਂਦੇ ਨੇ। ਸਾਂਡੇ ਸਿਵਲੀਅਨ ਤੇ ਉਹਨਾਂ ਦੇ ਇਕੋ ਥਾਂ ਤੋਂ ਵਾਰੀ ਵਾਰੀ ਪਾਣੀ ਭਰਦੇ ਨੇ।

ਪਾਕਿਸਤਾਨੀਆਂ ਦੀ ਵਸੋਂ ਬਾਰਡਰ ਦੇ ਨਾਲ ਨਾਲ ਵੱਸੀ ਹੋਈ ਏ ਪਰ ਸਾਡੇ ਪਾਸੇ ਕਈ ਘਰ ਬਾਰਡਰ ਤੇ ਖਾਲੀ ਨਨ। ਖਾਲੀ ਥਾਂਵਾਂ ਵੇਖ ਕੇ ਪਾਕਿਸਤਾਨੀ ਡੰਗਰ ਭਾਰਤ ਦੇ ਇਲਾਕੇ ਵਿਚ ਚੁਗਣ ਆ ਜਾਂਦੇ ਨੇ ਤੇ ਫੇਰ ਸਾਡੇ ਜਵਾਨਾਂ ਨੂੰ ਹਰਕਤ ਵਿਚ ਆਉਣਾ ਪੈਂਦਾ ਏ।

ਏਸੇ ਤਰ੍ਹਾਂ ਜਦੋਂ ਅਸੀਂ ਬੀ.ਐਸ.ਐਫ. ਵਾਲਿਆਂ ਨੂੰ ਟਰੇਨਿੰਗ ਵਾਸਤੇ ਬਦਲੀ ਕੀਤਾ ਤਾਂ ਇਕ ਦਿਨ ਸਾਡੀ ਪੋਸਟ ਦੇ ਸਾਹਮਣੇ ਪਾਕਿਸਤਾਨੀਆਂ ਦੇ ਡੰਗਰ ਚੁਗਣ ਵਾਸਤੇ ਬਾਰਡਰ ਲੰਘ ਆਏ। ਸਾਡੇ ਓ.ਪੀ. (ਸੰਤਰੀ) ਨੇ ਖਬਰ ਦਿਤੀ ਕਿ ਬਹੁਤ ਸਾਰੇ ਪਾਕਿਸਤਾਨੀ ਡੰਗਰ ਸਾਡੇ ਇਲਾਕੇ ਵਿਚ ਲੰਘ ਆਏ ਨੇ। ਜੇਹੜੀ ਪੋਸਟ ਦੀ ਹੱਦ ਅਗੇ ਡੰਗਰ ਆਏ ਸਨ ਉਸਦਾ ਪਲਾਟੂਨ ਕਮਾਂਡਰ ਸੂਬੇਦਾਰ ਨਰਿੰਦਰ ਸਿੰਘ ਛੁਟੀ ਤੇ ਸੀ ਪਿਛੇ ਹੌਲਦਾਰ ਕਮਾਂਡ ਕਰਦਾ ਸੀ।

ਮੈਂ ਕੰਪਨੀ ਟੂ.ਆਈ.ਸੀ. ਹੋਣ ਕਰਕੇ ਕੰਪਨੀ ਹੈਡਕਵਾਟਰ ਵਿਚ ਸੀ, ਏਸ ਕਰਕੇ ਕੰਪਨੀ ਕਮਾਂਡਰ ਮੇਜਰ ਅਵਤਾਰ ਸਿੰਘ ਢਿਲੋਂ ਨੇ ਮੈਨੂੰ ਡਿਊਟੀ ਦੇ ਦਿਤੀ ਕਿ ਲੋੜ ਅਨੁਸਾਰ ਜਵਾਨ ਨਾਲ ਲੈ ਜਾਵਾਂ ਤੇ ਡੰਗਰ ਅਪਣੇ ਏਰੀਏ ਵਿਚੋਂ ਬਾਹਰ ਕੱਢ ਆਵਾਂ ਨਾਲ ਹੀ ਉਹਨਾ ਨੂੰ ਵਾਰਨਿੰਗ ਦੇ ਆਵਾਂ ਕਿ ਅਗੇ ਤੋਂ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਮੈਂ ਦਸ-ਗਿਆਰਾਂ ਜਵਾਨਾਂ ਨੂੰ ਹਥਿਆਰ ਅਮੁਨੀਸ਼ਨ ਤੇ ਜ਼ਰੂਰੀ ਸਮਾਨ ਲੈ ਕੇ ਪਹਾੜੀ ਤੋਂ ਛੁਪਵੇਂ ਰਸਤੇ ਥਾਣੀਂ ਥੱਲੇ ਨੂੰ ਉਤਾਰਿਆ। ਦੋ ਜਵਾਨਾਂ ਨੂੰ ਆਡਰ ਦਿਤਾ ਕਿ ਡੰਗਰਾਂ ਨੂੰ ਆਪਣੇ ਏਰੀਏ ਵਿਚੋਂ ਕੱਢ ਦਿਓ ਤੇ ਬਾਕੀ ਸਾਰੇ ਪੁਜ਼ੀਸ਼ਨ ਵਿਚ ਲਾ ਦਿਤੇ। ਵਾਇਰਲੈਸ ਸੈਟ ਵਾਲਾ ਜਵਾਨ ਮੇਰੇ ਨਾਲ ਸੀ ਤੇ ਆਪ ਮੈਂ ਸਾਰੀ ਕਾਰਵਾਈ ਨੂੰ ਦੇਖ ਰਿਹਾ ਸੀ। ਡੰਗਰਾਂ ਨਾਲ ਇਕ ਬਾਰਾਂ ਚੋਦਾਂ ਸਾਲ ਦਾ ਲੜਕਾ ਸੀ ਜੋ ਸਾਨੂੰ ਦੇਖਦਿਆਂ ਈ ਭੱਜ ਪਿਆ। ਸਾਡੇ ਸਾਹਮਣੇ ਲੱਗੀ ਹੋਈ ਪਾਕਿਸਤਾਨੀ ਬਲੋਚ ਰਜਮੈਂਟ ਦੀ ਇਕ ਟੁਕੜੀ ਵੀ ਪਹਾੜੀ ਤੋਂ ਉਤਰੀ ਤੇ ਸਾਡੇ ਸਾਹਮਣੇ ਮੋਰਚੇ ਸੰਭਾਲ ਲਏ। ਇਹ ਆਮ ਈ ਗੱਲ ਏ ਕਿ ਜਿਥੇ ਸਾਡੀ ਸਿਖ ਪਲਟਨ ਬਾਰਡਰ ਤੇ ਲਗਦੀ ਏ ਉਥੇ ਪਾਕਿਸਤਾਨੀ ਬਲੋਚ ਰਜਮੈਂਟ ਨੂੰ ਲਾ ਦਿੰਦੇ ਨੇ) ਮੇਰੇ ਦੋ ਜਵਾਨ ਕਿਹੜੇ ਡੰਗਰਾਂ ਨੂੰ ਹੱਦ ਵਿਚੋਂ ਕੱਢ ਰਹੇ ਸੀ ਉਹਨਾਂ ਆਵਾਜ਼ ਦਿਤੀ ਕਿ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਮੱਝਾਂ ਬਹੁਤ ਮੋਟੀਆਂ ਨੇ ਜੇ ਆਖੋ ਤਾਂ ਚਾਰ ਪੰਜ ਲੈ ਆਈਏ ਦੁੱਧ ਪੀਆ ਕਰਾਂਗੇ। ਮੈਂ ਸੈਟ ਤੇ ਕੰਪਨੀ ਕਮਾਂਡ ਨੂੰ ਪੁਛਿਆ ਉਹਨਾਂ ਕਿਹਾ ਨਹੀਂ ਲੈ ਕੇ ਕੋਈ ਡੰਗਰ ਨਹੀਂ ਆਉਣਾ। ਪਾਕੀਆਂ ਨੂੰ ਦੱਸ ਦਿਓ ਕਿ ਜੇ ਅਗੇ ਤੋਂ ਸਾਡੇ ਏਰੀਏ ਵਿਚ ਕੋਈ ਡੰਗਰ ਆਇਆ ਤਾਂ ਅਸੀਂ ਘੇਰ ਕੇ ਲੈ ਜਾਵਾਂਗੇ।

ਏਨੇ ਨੂੰ ਬਲੋਚ ਰਜਮੈਂਟ ਦੇ ਨਾਇਬ ਸੂਬੇਦਾਰ ਨੇ ਚਿੱਟਾ ਰੁਮਾਲ ਚੀਲਾਂ ਦੇ ਦਰਖਤਾਂ ਵਿਚੋਂ ਖਲੋ ਕੇ ਹਲਾਇਆ ਤੇ ਨਾਲ ਇਸ਼ਾਰਾ ਕੀਤਾ ਕਿ ਅਗੇ ਆਵੋ ਗੱਲ ਕਰੀਏ। ਮੈਂ ਇਕ ਜਵਾਨ ਨੂੰ ਨਾਲ ਲੈ ਕੇ ਖਲੇ ਮੈਦਾਨ ਵਿਚ ਆ ਗਿਆ ਤੇ ਉਹ ਵੀ। ਨਾਇਬ ਸੂਬੇਦਾਰ ਨਾਲ ਦੋ ਬਹੁਤ ਵੱਡੇ ਕੱਦ ਵਾਲੇ ਐਲਸੇਸ਼ਨ ਕੁਤੇ ਸਨ ਤੇ ਮੈਨੂੰ ਅੱਗੇ ਪਿਛੇ ਸੁੰਘਦੇ ਫਿਰਨ। ਮੈਂ ਉਹਨੂੰ ਕਿਹਾ ਕਿ ਆਪਣੇ ਸਿਵਲੀਅਨਜ਼ ਨੂੰ ਦੱਸ ਦਿਓ ਕਿ ਸਾਡੇ ਏਰੀਏ ਵਿਚ ਡੰਗਰ ਨਾ ਆਉਣ ਦੇਣ ਨਹੀਂ ਤਾਂ ਅਸੀ ਅਗੋਂ ਵਾਸਤੇ ਸਾਰੇ ਘੇਰ ਕੇ ਲੈ ਜਾਵਾਂਗੇ। ਉਹ ਕਹਿਣ ਲਗਾ ਇਹ ਏਰੀਆ ਸਾਡਾ ਏ। ਕੱਲ ਨੂੰ ਨਕਸ਼ਾ ਲੈ ਕੇ ਆਵੋ ਚੈਕ ਕਰ ਲਵਾਂਗੇ, ਮੈਂ ਕਿਹਾ ਸਾਨੂੰ ਅਪਣੀ ਹੱਦ ਵਿਚ ਕੋਈ ਸ਼ੱਕ ਨਹੀਂ ਤੁਸੀਂ ਆਪਣੇ ਨਕਸ਼ੇ ਦੇਖਦੇ ਰਵੋ। ਇਸ ਤੋਂ ਪਿਛੋਂ ਏਧਰ ਕੋਈ ਬੰਦਾ ਜਾਂ ਡੰਗਰ ਨਹੀਂ ਆਉਣਾ ਚਾਹੀਦਾ।

ਫੇਰ ਚੰਗੇ ਮਾਹੌਲ ਵਿਚ ਗੱਲਾਂ ਕਰਦਿਆਂ ਉਨੇ ਵੀ ਅਪਣੇ ਸਾਰੇ ਜਵਾਨ ਸੱਦ ਲਏ ਤੇ ਮੈਂ ਵੀ ਕੁਝ ਦੂਰ ਤੱਕ ਨਾਲੋ ਨਾਲ ਤੁਰਦੇ ਹੋਏ ਆਪੋ ਅਪਣੀਆਂ ਪਹਾੜੀਆਂ ਨੂੰ ਚੜ੍ਹਣ ਲਗੇ ਤਾਂ ਬਲੋਚੀ ਸਾਹਿਬ ਨੇ ਕਿਹਾ ਜੇ ਥੋੜੀ ਦੇਰ ਰੁਕੋ ਤਾਂ ਮੈਂ ਚਾਹ ਮੰਗਵਾਉਂਦਾ ਹਾਂ ਮੈਂ ਕਿਹਾ ਅਸੀਂ ਤਾਂ ਚੀਨੀ ਦੀ ਚਾਹ ਪੀਣ ਗਿਝੇ ਹੋਏ ਆਂ ਤੇ ਤੁਸੀਂ ਦੀ ਗੁੜ ਚਾਹ ਪੀਣ ਵਾਲੇ ਓ।

ਇਸ ਤਰ੍ਹਾਂ ਅਪਣੀ ਅਪਣੀ ਸਰਹੱਦਾਂ ਦੀ ਰਾਖੀ ਕਰਨ ਵਲੇ ਆਪੋ ਆਪਣੀਆਂ ਪਹਾੜੀਆਂ ਤੇ ਚੜ੍ਹ ਗਏ। ਪਿਛੋਂ ਜਿੰਨਾਂ ਚਿਰ ਅਸੀਂ ਉਹਨਾਂ ਪੋਸਟਾਂ ਤੇ ਰਹੇ ਕਦੀ ਕੋਈ ਡੰਗਰ ਸਾਡੀ ਹੱਦ ਵਿਚ ਨਹੀਂ ਆਇਆ।

)☐(






Sri Satguru Jagjit Singh Ji eLibrary NamdhariElibrary@gmail.com

ਚਰਚਾ

# ਟਾਫ਼ੀ ਵਿਚ ਗਊ ਦੀਆਂ ਹੱਡੀਆਂ ਦਾ ਜਿਲੇਟਿਨ

ਆਰਥਿਕ ਉਦਾਰੀਕਰਨ ਅਤੇ ਗੈਟ ਸਮਝੌਤੇ ਅਧੀਨ ਸਰਕਾਰ ਨੇ ਬਹੁ-ਰਾਸ਼ਟਰੀ ਕੰਪਨੀਆਂ ਦੇ ਦਾਖਲੇ ਦੇ ਨਾਲ ਨਾਲ ਵਿਦੇਸ਼ੀ ਸਾਮਾਨ ਲਈ ਭਾਰਤ ਨੂੰ ਇਕ ਬਾਜ਼ਾਰ ਦੇ ਰੂਪ ਵਿਚ ਪੇਸ਼ ਤਾਂ ਕਰ ਦਿੱਤਾ ਪਰ ਜੋ ਵਿਦੇਸ਼ੀ ਚੀਜ਼ਾਂ ਮਾਰਕੀਟ ਵਿਚ ਆਈਆਂ ਹਨ, ਉਨ੍ਹਾਂ ਨਾਲ ਸਾਡੇ ਸੱਭਿਆਚਾਰ ਰਵਾਇਤਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਹੁਣ ਚੰਡੀਗੜ੍ਹ ਦੇ ਵੱਖ ਵੱਖ ਸੈਕਟਰਾਂ ਵਿਚ ਅਜਿਹੀ ਵਿਦੇਸ਼ੀ ਚਾਕਲੇਟ ਧੜੱਲੇ ਨਾਲ ਵਿਕ ਰਹੀ ਹੈ, ਜਿਸ ਵਿਚ ਗਊ ਦੀਆਂ ਹੱਡੀਆਂ ਦਾ 'ਜਿਲੇਟਿਨ' ਹੈ।

ਵੱਡੀਆਂ-ਵੱਡੀਆਂ ਕਨਫੈਕਸ਼ਨਰੀ ਦੀਆਂ ਦੁਕਾਨਾਂ 'ਤੇ ਬ੍ਰਾਜ਼ੀਲ ਅਤੇ ਸਿੰਗਾਪੁਰ ਅਤੇ ਹੋਰ ਵੀ ਕਈ ਦੇਸ਼ਾਂ ਦੀਆਂ ਅਜਿਹੀਆਂ ਟਾਫ਼ੀਆਂ ਕਾਊਂਟਰਾਂ 'ਤੇ ਸਜੀਆਂ ਹਨ, ਜਿਨ੍ਹਾਂ 'ਤੇ ਸਾਫ ਲਿਖਿਆ ਹੈ ਕਿ ਇਸ ਵਿਚ 'ਬੀਫਬੋਨ ਜਿਲੇਟਿਨ' ਗਊ ਦੀਆਂ ਹੱਡੀਆਂ ਦਾ ਜਿਲੇਟਿਨ ਵੀ ਹੈ।

ਅਜਿਹੀਆਂ ਟਾਫੀਆਂ ਜਾਂ ਚਾਕਲੇਟ ਕਈ ਨਾਵਾਂ ਨਾਲ ਬਾਜ਼ਾਰ 'ਚ ਵਿਕ ਰਹੀਆਂ ਹਨ, ਜਿਨ੍ਹਾਂ ਵਿਚ ਬ੍ਰਾਜ਼ੀਲ ਅਤੇ ਸਿੰਗਾਪੁਰ ਦੀ 'ਫ਼ਰੂਟ ਟੇਲਾ' ਅਤੇ ਥਾਈਲੈਂਡ ਦੀ 'ਚਿਊਅਪ' ਪ੍ਰਮੁਖ ਹਨ। ਇਸ ਤੋਂ ਇਲਾਵਾ ਹੋਰ ਵੀ ਕਈ ਬ੍ਰਾਂਡ ਹਨ, ਜਿਨ੍ਹਾਂ 'ਤੇ ਗਊ ਦੀਆਂ ਹੱਡੀਆਂ ਦੇ ਜਿਲੇਟਿਨ ਹੋਣ ਦੀ ਗੱਲ ਲਿਖੀ ਹੋਈ ਹੈ। ਹਾਲਾਂ ਕਿ ਉਨ੍ਹਾ ਨੂੰ ਫਰੂਟ ਟਾਫ਼ੀਆਂ ਕਹਿ ਕੇ ਵੇਚਿਆ ਜਾ ਰਿਹਾ ਹੈ ਪਰ ਉਨ੍ਹਾਂ ਵਿਚ ਫਲਾਂ ਦੇ ਤੱਤ ਨਹੀਂ ਹਨ।

ਇਕ ਵਿਕਰੇਤਾ ਤੋਂ ਜਦ ਇਸ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਸ ਨੂੰ ਤਾਂ ਇਸ ਗੱਲ ਦਾ ਪਤਾ ਨਹੀਂ ਕਿ ਇਨ੍ਹਾਂ ਚਾਕਲੇਟਾਂ ਵਿਚ ਗਊ ਦੀ ਚਰਬੀ ਜਾਂ ਹੱਡੀ ਵਗੈਰਾ ਵੀ ਹੈ। ਅਜਿਹੀ ਹੀ ਇਕ ਗੱਲ ਇਕ ਵਿਦਿਆਰਥੀ ਨੇ ਵੀ ਕਹੀ ਕਿ ਚਾਕਲੇਟ ਖਾਂਦੇ ਸਮੇਂ ਕਿੱਥ ਧਿਆਨ ਰਹਿੰਦਾ ਹੈ ਕਿ ਇਸ 'ਤੇ ਲਿਖਿਆ ਹੋਇਆ ਪੜ੍ਹਿਆ ਜਾਵੇ ਕਿ ਇਸ ਵਿਚ ਕੀ ਕੀ ਹੈ। ਜੇ ਲਿਖਿਆ ਵੀ ਹੁੰਦਾ ਹੈ, ਉਹ ਵੀ ਬਹੁਤ ਬਰੀਕ ਹੁੰਦਾ ਹੈ। ਉਸ ਦਾ ਕਹਿਣਾ ਸੀ ਕਿ ਸਡੇ ਦੇਸ ਵਿਚ ਤਾਂ ਘੱਟੋ-ਘੱਟ ਇਹ ਮੰਨ ਕੇ ਚਲਿਆ ਜਾਂਦਾ ਹੈ ਕਿ ਬੱਚਿਆਂ ਲਈ ਚਾਕਲੇਟ ਵਰਗੀਆਂ ਚੀਜ਼ਾਂ ਵਿਚ ਤਾਂ ਗਊਆਂ ਦੀਆਂ ਹੱਡੀਆਂ ਦੀ 'ਜਿਲੇਟਿਨ' ਨਹੀਂ ਹੋਵੇਗੀ।

ਇਕ ਹੋਰ ਵਿਕਰੇਤਾ ਦਾ ਕਹਿਣਾ ਸੀ ਕਿ ਦੁਕਾਨਦਾਰ ਕੀ ਕਰ ਸਕਦੇ ਹਨ? ਸਰਕਾਰ ਨੂੰ ਅਜਿਹੀਆਂ ਚੀਜ਼ਾਂ ਆਪਣੇ ਦੇਸ਼ ਵਿਚ ਆਉਣ ਦੀ ਇਜਾਜ਼ਤ ਹੀ ਨਹੀਂ ਦੇਣੀ ਚਾਹੀਦੀ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਦਿਨਾਂ ਵਿਚ ਯੂਰਪੀ ਦੇਸ਼ਾਂ ਤੋਂ ਜੋ ਟਾਫੀਆਂ ਜਾਂ ਚਾਕਲੇਟ ਆ ਰਹੀ ਹੈ, ਉਸ ਵਿਚ ਗਊ ਦੀ ਚਰਬੀ ਜਾਂ 'ਜਿਲਟਿਨ' ਹੁੰਦੀ ਹੈ।

ਮੁਕਤ ਬਾਜ਼ਾਰ ਦੇ ਬਾਅਦ ਤੋਂ ਦੇਸੀ ਵਸਤਾਂ 'ਤੇ ਪ੍ਰਭਾਵ ਜਾਪਿਆ ਹੀ ਹੈ। ਭਾਰਤ ਵਿਚ ਬਣਨ ਵਾਲੀਆ ਬਹੁਤ ਸਾਰੀਆਂ ਚੀਜ਼ਾਂ ਦੀ ਥਾਂ ਹੁਣ ਵਿਦੇਸ਼ੀ ਚੀਜ਼ਾਂ ਲੈਣ ਲੱਗੀਆਂ ਹਨ। ਕੌਮਾਂਤਰੀ ਮਾਪਦੰਡ ਦਾ ਦਮ ਭਰਨ ਵਾਲੀ ਇਕ ਕੋਲਡ ਡਰਿੰਕ ਕੰਪਨੀ ਨੂੰ ਵੀ ਪਿਛਲੇ ਦਿਨੀਂ ਬੋਤਲਾਂ ਵਿਚ ਕਥਿਤ ਤੌਰ 'ਤੇ ਖਰਾਬ ਕੋਲਡ ਡਰਿੰਕਸ ਲਈ ਇਕ ਵਕੀਲ ਵਲੋਂ ਨੋਟਿਸ ਭੇਜੇ ਜਾਣ ਦੀ ਖਬਰ ਹੈ।

ਭਾਰਤ ਵਰਗੇ ਦੇਸ਼ ਵਿਚ, ਜਿਥੇ ਵਧੇਰੇ ਥਾਵਾਂ 'ਤੇ ਮਜ਼ਦੂਰਾਂ ਨੂੰ ਘੱਟੋ ਘੱਟ ਮਿਥੀ ਮਜ਼ਦੂਰੀ ਦਾ ਵੀ ਭੁਗਤਾਨ ਨਹੀਂ ਕੀਤਾ ਜਾਂਦਾ, ਆਰਥਿਕ ਉਦਾਰੀਕਰਨ ਦੇ ਜਾਰੀ ਰਹਿੰਦਿਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ।

ਇਸ ਨਾਲ ਗ਼ਰੀਬ ਲੋਕਾਂ ਦਾ ਜੀਵਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਦੂਸਰੇ ਪਾਸੇ ਮਹਿੰਗੀ ਚਾਕਲੇਟ ਅਤੇ ਟਾਫੀਆਂ ਦੇ ਵਾਧੇ ਦੀ ਕਰੇਜ਼ ਕਾਰਨ ਖੁਸ਼ਹਾਲ ਪਰਿਵਾਰਾਂ ਦੇ ਲੋਕ ਇਹ ਨਹੀਂ ਜਾਣਦੇ ਕਿ ਉਹ ਆਪਣੇ ਬੱਚਿਆਂ ਨੂੰ ਉਹ ਟਾਫ਼ੀਆਂ ਜਾਂ ਚਾਕਲੇਟ ਦੇਕੇ ਕਿਹੜੇ ਸੰਸਕਾਰ ਦੇ ਰਹੇ ਹਨ।

— ਜੱਗਬਾਣੀ ੭ ਜੁਲਾਈ ੧੯੯੮ 'ਚੋਂ
ਧੰਨਵਾਦ ਸਹਿਤ



Sri Satguru Jagjit Singh Ji eLibrary NamdhariElibrary@gmail.com

# ਸਨਖਤਰਾ ਜੀ ਨੂੰ ਯਾਦ ਕਰਦਿਆਂ

੩੦ ਜੂਨ ੧੯੯੮, ਨਾਮਧਾਰੀ ਧਰਮਸਾਲਾ, ਰਮੇਸ਼ ਨਗਰ ਦਿੱਲੀ ਵਿਚ ਇਕ ਸਮਾਗਮ ਸੀ। ਦਿੱਲੀ ਦੀ ਸੰਗਤ ਦੇ ਪ੍ਰਧਾਨ ਸੰਤ ਸਾਧਾ ਸਿੰਘ ਚਾਅ ਨਾਲ ਵਿਖਾ ਰਹੇ ਸਨ ਗੁਰਦੁਆਰੇ ਦੀ ਇਮਾਰਤ ਵਿਚ ਸਿਫ਼ਤੀ ਤਬਦੀਲੀਆਂ। ਪਾਠਾਂ ਵਾਸਤੇ, ਵਰਨੀਆਂ ਵਾਸਤੇ ਬਣੇ ਉੱਚੇ ਨਵੇਂ ਕਮਰਿਆਂ ਵਿਚ ਏ.ਸੀ. ਦੀ ਠੰਢ ਸੀ। ਮੈਂ ਕਿਹਾ, "ਕਿਤੇ ਲੇਖਕਾਂ ਵਾਸਤੇ ਵੀ ਅਜਿਹਾ ਕਮਰਾ ਬਣਾ ਦਿਓ।" ਕਹਿਣ ਲੱਗੇ, "ਬਣਾ ਦਿਤਾ ਹੈ . ਆਓ ਦਿਖਾਈਏ!" ਤੇ ਫੇਰ ਉਹ ਲੈ ਗਏ 'ਸਤਿਜੁਗ' ਸਪਤਾਹਿਕ ਪੱਤਰ ਦੇ ਉੱਪਰ ਬਣੇ ਨਵੇਂ ਕਮਰਿਆਂ ਵਿਚ। ਉਥੇ ਵੀ ਏ.ਸੀ. ਲੱਗਾ ਅਤੇ ਵਧੀਆ ਫਰਨੀਚਰ ਵੇਖ ਕੇ ਮਨ ਖੁਸ਼ ਹੋ ਗਿਆ। ਨਾਲ ਹੀ ਮਨ ਅਤੀਤ ਵਿਚ ਚਲਾ ਗਿਆ। ਸਤਿਜੁਗ ਦੇ ਸਹਿ-ਸੰਪਾਦਕ ਗੁਰਦੀਪ ਸਿੰਘ ਅਤੇ ਮੇਰੀ ਸੋਚ ਸਾਂਝੀ ਸੀ। ਅੱਜ ਸਤਿਜੁਗ ਦਾ ਦਫ਼ਤਰ ਦਿੱਲੀ ਵਿਚ ਹੈ ਅਤੇ ਏਅਰ-ਕੰਡੀਸ਼ਨਡ ਹੈ। ਕਦੇ ਸ੍ਰੀ ਜੀਵਨ ਨਗਰ (ਹਰਿਆਣਾ) ਦੇ ਚੁਮਾਸਿਆਂ ਵਿਚ ਸਤਿਜੁਗ ਦਾ ੨੨ ਸਾਲ ਤਕ ਰਿਹਾ ਸੰਪਾਦਕ ਮਹੰਤ ਆਤਮਾ ਸਿੰਘ ਸਨਖਤਰਵੀ ਕੱਛ ਖਨੇਣ ਨਾਲ ਇਕ ਹੱਥ ਵਿਚ ਪੱਖੀ ਲੈਕੇ ਸਤਿਜੁਗ ਅਖ਼ਬਾਰ ਨੂੰ ਲਿਖਦਾ ਹੁੰਦਾ ਸੀ। ਉਹ ਹੀ ਸੰਪਾਦਕ ਦਾ ਰਿਹਾਇਸ਼ ਦਾ ਕਮਰਾ ਅਤੇ ਉਹ ਹੀ ਅਖ਼ਬਾਰ ਦਾ ਲਿਖਣ ਕਮਰਾ ਅਤੇ ਦਫ਼ਤਰ ਸਭ ਕੁਝ। ਗੁਰਦੀਪ ਸਿੰਘ ਕਹਿਣ ਲੱਗਾ, "ਸਨਖਤਰਾ ਜੀ ਬਹੁਤ ਬੀਮਾਰ ਨੇ ..ਅੱਜ ਕਲ੍ਹ ਉਹਨਾਂ ਦੀ ਵੀ ਖਬਰ ਆ ਜਾਣੀ ਆ!" ਸੱਚਮੁਚ ਖਬਰ ਓਸੇ ਸ਼ਾਮ ਨੂੰ ਹੀ ਜਲੰਧਰ ਵਿਚ ਚੱਕਰ ਲਾ ਰਹੀ ਸੀ, ਪਰ ਮੈਂ ਦਿੱਲੀ ਸਾਂ। ਵਾਪਸ ਆ ਕੇ ਪਤਾ ਲਗਾ ਕਿ ੩੦ ਤਾਰੀਖ ਨੂੰ ਹੀ ਫ਼ੋਨ ਆ ਗਿਆ ਸੀ। ਹੁਣ ਉਹਨਾਂ ਨਮਿਤ ਭੋਗ ੧੦ ਜੁਲਾਈ ਨੂੰ ਉਹਨਾਂ ਦੇ ਪਿੰਡ ਰੋਲੀਆ (ਨੇੜੇ ਟਾਂਡਾ ਉੜਮੁੜ) ਵਿਚ ਪਵੇਗਾ। ਸੁਣਕੇ ਇਕ ਲੰਮਾ ਇਤਿਹਾਸ ਮਨ-ਮਸਤਕ 'ਚ ਘੁੰਮ ਗਿਆ।

ਸਾਡੇ ਬਚਪਨ ਵਿਚ ਸਾਡੇ ਪਿਤਾ ਜੀ ਨੇ ਜਲੰਧਰ ਵਿਚ ਹੋਣ ਵਾਲੇ ਸਮਾਗਮਾਂ ਵਿਚ ਚਾਅ ਨਾਲ ਖਬਰ ਦੇਣੀ— ਮਹੰਤ ਆਤਮਾ ਸਿੰਘ ਵੀ ਆ ਗਏ ਨੇ! ਮਹੰਤ ਜੀ ਦਾ ਆ ਜਾਣਾ ਇਵੇਂ ਹੁੰਦਾ ਜਿਵੇਂ ਵਿਆਹ ਵਾਲੇ ਘਰ ਵਿਚ ਵੱਡੀ ਬੇਬੇ ਆ ਜਾਂਦੀ ਹੈ। ਅਖੰਡ ਪਾਠ ਦੀ ਰੋਲ ਵੀ ਲਾਉਣੀ, ਪਾਠੀਆਂ ਦੀ ਦੇਖ-ਰੇਖ ਦਾ ਪ੍ਰਬੰਧ ਵੀ ਕਰਨਾ, ਰਸਦ-ਪਾਣੀ ਵੀ ਦੇਖਣਾ, ਜੇ ਪਹਿਰੂ ਨਾ ਹੋਣਾ ਤਾਂ ਉਹ ਕਾਰਜ ਵੀ ਕਰਨਾ। ਅੰਤ ਤੇ ਅਰਦਾਸ ਵੀ ਕਰਨੀ, ਕਥਾ ਵੀ ਕਰਨੀ, ਦੀਵਾਨ ਵੀ ਲਾਉਣਾ ਅਤੇ ਕਵਿਤਾ ਵੀ ਸੁਨਾਉਣੀ। ਬਾਦ ਵਿਚ ਜਦ ਮੈਂ ਜੰਮੂ ਚਲਾ ਗਿਆ ਤਾਂ ਵੇਖਿਆ ਕਿ ਉਥੇ ਵੀ ਮਹੰਤ ਜੀ ਦੀ ਜਿਵੇਂ ਸੋਪ ਹੁੰਦੀ ਹੈ। ਕੋਈ ਕਾਰਜ ਹੋਣਾ ਭਈ, ਮਹੰਤ ਆਤਮਾ ਸਿੰਘ ਨੂੰ ਸੱਦ ਲਵੋ। ਮਹੰਤ ਜੀ ਨੇ ਆ ਜਾਣਾ, ਘਰ ਵਾਲਿਆਂ ਦੀ ਸਭ ਚਿੰਤਾ ਮੁੱਕ ਜਾਣੀ। ਮਹੰਤ ਜੀ ਦਾ ਵਰਤਾਰਾ ਖੁਲ੍ਹਾ ਹੋਣਾ ਪਿਆਰ ਵਾਲਾ ਅਤੇ ਸਭ ਨਾਲ ਮਿਲਵਰਤਨ ਵਾਲਾ। ਆਈ ਸਾਧ ਸੰਗਤ ਨੂੰ, ਜਿਥੋਂ ਤਕ ਮੰਗਤਿਆਂ ਨੂੰ ਵੀ ਆਪ ਨੇ ਪਰਸ਼ਾਦੇ ਦਾ ਪ੍ਰਬੰਧ ਕਰਕੇ ਦੇਣਾ। ਜੇ ਸਾਂਝਾ ਲੰਗਰ ਤਿਆਰ ਨਹੀਂ ਤਾਂ ਘਰ ਤੋਂ ਹੀ ਚਾਰ ਪਰਸ਼ਾਦੇ ਲੈ ਆਉਣੇ। ਅਸੀਂ ਬੱਚੇ ਤੇ ਮਹੰਤ ਆਤਮਾ ਸਿੰਘ ਸਨਖਤਰਵੀ ਬਜ਼ੁਰਗ। ਪਰ ਸ੍ਰੀ ਜੀਵਨ ਨਗਰ ਜਾਣਾ ਤਾਂ ਪਹਿਲਾਂ ਉਹਨਾਂ ਕੋਲ ਪੁਜਣਾ। ਉਹਨਾਂ ਬਾਟਾ ਲੈ ਕੇ ਤੁਰ ਪੈਣਾ ਲੰਗਰ ਵਲ ਅਤੇ ਗਰਮ-ਗਰਮ ਮਾਂਹ ਦੀ ਦਾਲ ਵਿਚ ਘਿਓ ਪੁਆ ਕੇ ਲੈ ਆਉਣਾ।

ਉਹਨਾਂ ਵਿਚ ਬਹੁਤ ਗੁਣ ਸਨ। ਉਹ ਪਿਤਾ-ਪੁਰਖੀ ਮਹੰਤ ਸਨ। ਆਪਣੇ ਪਿੰਡ ਸਨਖਤਰਾ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਦੀ ਧਰਮਸਾਲਾ ਵਿਚ ਉਹ ਬਚਪਨ ਤੋਂ ਹੀ ਸੇਵਾ-ਕਾਰਜ ਵਿਚ ਲਗ ਗਏ। ਬਚਪਨ ਤੋਂ ਹੀ ਉਹ ਅਖੰਡ ਪਾਠੀ ਬਣ ਗਏ। ਉਹ ਕਥਾਕਾਰ, ਕੀਰਤਨਕਾਰ, ਭਾਸ਼ਣਕਾਰ, ਸਟੇਜ ਸਕੱਤਰ, ਅਤੇ ਨਾਮਧਾਰੀ ਦਰਬਾਰ ਦੇ ਸਕੱਤਰ ਵੀ ਸਨ। ਉਹ ਸੰਪਾਦਕ ਤਾਂ ਸਨ ਹੀ, ਲੇਖਕ ਵੀ ਸਨ ਤੇ ਬਹਿਸਕਾਰ ਵੀ। ਗੱਲ ਮੁਕਾਉਣੀ ਹੋਵੇ ਤਾਂ ਸਿਵਾਏ ਚੜ੍ਹਨ ਵਾਲੀ ਕਾਰ ਤੋਂ ਉਹ ਸਭ ਤਰ੍ਹਾਂ ਦੇ 'ਕਾਰ' ਸਨ, ਪਰ ਮੈਂ ਮੁਢਲੇ ਤੌਰ ਤੇ ਉਹਨਾਂ ਨੂੰ 'ਕਵੀ' ਮੰਨਦਾ ਹਾਂ। 'ਸਤਿਜੁਗ' ਦਾ ਪੁਰਾਣੇ ਤੋਂ ਪੁਰਾਣਾ ਅਖਬਾਰ ਚੁੱਕ ਲਵੋ, ਮਹੰਤ ਆਤਮਾ ਸਿੰਘ ਸਨਖਤਰਵੀ ਦੀ ਕਵਿਤਾ ਉਸ ਵਿਚੋਂ ਜ਼ਰੂਰ ਮਿਲੇਗੀ। ਬੇਅੰਤ ਕਵਿਤਾਵਾਂ ਉਨ੍ਹਾਂ ਲਿਖੀਆਂ, ਛਾਪੀਆਂ ਅਤੇ ਕਵੀ ਦਰਬਾਰਾਂ ਵਿਚ ਪੜ੍ਹੀਆਂ। ਸਾਡੀ ਸੁਰਤ ਸੰਭਾਲ ਤੋਂ ਪਹਿਲੇ ਵਕਤਾਂ ਦਾ ਜ਼ਿਕਰ 'ਜਸ ਜੀਵਨ' ਗਰੰਥ (ਕਰਤਾ ਤਰਨ ਸਿੰਘ 'ਵਹਿਮੀ') ਵਿਚੋਂ ਪੜ੍ਹੀਏ ਤਾਂ ਜ਼ਿਕਰ ਆਉਂਦਾ ਹੈ—ਹੋਲੇ ਤੇ ਇਨਾਮੀ ਕਵੀ ਦਰਬਾਰ ਹੋਇਆ, ਪਹਿਲੇ ਨੰਬਰ ਤੇ ਆਤਮਾ ਸਿੰਘ ਸਨਖਤਰਵੀ ਦੀ ਕਵਿਤਾ ਆਈ। ਆਮ ਲੋਕ ਤਾਂ ਉਹਨਾਂ ਨੂੰ ਮਹੰਤ ਆਤਮਾ ਸਿੰਘ ਸਨਖਤਰਾ ਆਖਦੇ, ਪਰ ਉਹ ਖੁਦ ਆਤਮਾ



Sri Satguru Jagjit Singh Ji eLibrary NamdhariElibrary@gmail.com

ਸਿੰਘ ਸਨਖਤਰਵੀ ਲਿਖਦੇ । ਉਰਦੂ ਸ਼ਾਇਰਾਂ ਵਾਂਗ ਆਪਣੇ ਪਿੰਡ ਨੂੰ 'ਤਖੱਲਸ' ਵਜੋਂ ਵਰਤਦੇ ।

ਉਹਨਾਂ ਦਾ ਪਿੰਡ ਸਿਆਲਕੋਟ ਜ਼ਿਲੇ ਦਾ ਪਿੰਡ ਸਨਖਤਰਾ ਸੀ । ਇਹ ਇਲਾਕਾ ਧਾਰਮਿਕ, ਸਿਆਸੀ, ਸਮਾਜੀ ਅਤੇ ਵਿਦਿਅਕ ਸਰਗਰਮੀਆਂ ਦਾ ਗੜ੍ਹ ਸੀ । ਇਥੇ ਨਾਲ ਨਾਲ – ਸਨਖਤਰਾ, ਵੀਰੋਕੇ, ਖਾਰਾ, ਟਪਿਆਲਾ, ਉਗੂ ਚੱਕ (ਗੁਰੂ ਚੱਕ), ਸੱਦੋਵਾਲ ਆਦਿਕ ਬਹੁਤ ਸਾਰੇ ਪਿੰਡ ਸਨ । ਇਸ ਇਲਾਕੇ ਨੇ ਬਹੁਤ ਸਾਰੇ ਉੱਘੇ ਵਿਅਕਤੀ ਪੈਦਾ ਕੀਤੇ । ਜਥੇਦਾਰ ਗਿਆਨ ਸਿੰਘ ਵੀਰੋਕੇ ਪ੍ਰਸਿਧ ਜਥੇਦਾਰ ਇਸ ਇਲਾਕੇ ਦੇ ਹੀ ਹਨ । ਸੰਤ ਟਹਿਲ ਸਿੰਘ ਸੱਦੋਵਾਲ ਸਰਗਰਮੀਆਂ ਦਾ ਧੁਰਾ ਰਹੇ ਸਨ । ਪਿੰਡ ਪਿੰਡ ਵਿਚ ਜਥੇਦਾਰ ਸਨ ਜੋ ਕੀਰਤਨ ਕਰਦੇ ਸਨ ।

ਸਨਖਤਰਾ ਪਿੰਡ ਵੀ ਮਸ਼ਹੂਰ ਹਸਤੀਆਂ ਦਾ ਜਨਮ-ਦਾਤਾ ਹੈ । ਸਾਬਕ ਮੈਂਬਰ ਪਾਰਲੀਮੈਂਟ ਅਤੇ ਚੀਫ ਖਾਲਸਾ ਦੀਵਾਨ ਦੇ ਵਰਤਮਾਨ ਪ੍ਰਧਾਨ ਸ. ਕਿਰਪਾਲ ਸਿੰਘ ਸਨਖਤਰਾ ਦੇ ਹੀ ਹਨ ਅਤੇ ਮਹੰਤ ਜੀ ਨਾਲ ਪ੍ਰੇਮ ਰਖਦੇ ਸਨ । ਪ੍ਰਸਿਧ ਆਰਕੀਟੈਕਟ, ਲੇਖਕ ਅਤੇ ਬੁਲਾਰੇ ਸ. ਭਗਤ ਸਿੰਘ ਕਲਸੀ ਜੋ ਜਲੰਧਰ ਵਿਚ ਨਿਵਾਸ ਰਖਦੇ ਸਨ, ਉਹ ਵੀ ਇਸੇ ਪਿੰਡ ਦੇ ਸਨ । ਸਿਨਮਾ ਜਗਤ ਨੂੰ ਵੀ ਇਕ ਬਹੁਤ ਵੱਡਾ ਐਕਟਰ ਸਨਖਤਰਾ ਪਿੰਡ ਨੇ ਦਿਤਾ—ਰਾਜਿੰਦਰ ਕੁਮਾਰ । ਹੋਰ ਬਹੁਤ ਸਾਰੀਆਂ ਹਸਤੀਆਂ, ਜਿਨ੍ਹਾਂ ਬਾਰੇ ਇਸ ਵੇਲੇ ਜਾਣਕਾਰੀ ਉਪਲਬਧ ਵੀ ਨਹੀਂ ਤੇ ਇਸ ਮਜ਼ਮੂਨ ਦਾ ਹਿੱਸਾ ਵੀ ਨਹੀਂ ।

ਸੋ, ਸਨਖਤਰੇ ਪਿੰਡ ਦਾ ਹੋਣਾ ਮਹੰਤ ਆਤਮਾ ਸਿੰਘ ਜੀ ਨੂੰ ਹੋਰ ਵੀ ਹੁਲਾਰ ਦਿੰਦਾ ਅਤੇ ਉਹ ਸਨਖਤਰਵੀ ਉਪਨਾਮ ਵਰਤਕੇ ਖੁਸ਼ ਹੁੰਦੇ । ਪਰ ਕਵਿਤਾ ਵਿਚ ਉਹ ਅਕਸਰ 'ਆਤਮ' ਉਪਨਾਮ ਹੀ ਵਰਤਦੇ । ਬਹੁਤ ਸਾਰੇ ਲੋਕਾਂ ਦਾ ਨਾਮ ਉਹਨਾਂ ਦੇ ਸੁਭਾਓ ਅਤੇ ਲੱਛਣਾਂ ਦੇ ਉਲਟ ਹੁੰਦਾ ਹੈ, ਪਰ ਇਹਨਾਂ ਦਾ ਨਾਮ ਵੀ ਆਤਮਾ ਸੀ ਅਤੇ ਸੁਭਾਅ ਵਲੋਂ ਵੀ ਆਤਮੀਅਤ ਰਖਦੇ ਸਨ ਅਤੇ ਸਮਝਦੇ ਵੀ ਸਨ ਕਿ ਪ੍ਰਮਾਤਮਾ ਦਾ ਅੰਸ਼ ਆਤਮਾ ਹਨ । ਅਤੇ ਇਹ ਆਤਮਾ ਆਪਣੇ ਇਸ਼ਟ ਦੇਵ ਸਤਿਗੁਰੂ ਵਿਅਕਤੀਆਂ ਦੇ ਪ੍ਰੇਮ ਨਾਲ ਲਬਾਲਬ ਸੀ । ਉਹ ਹਰ ਸਮੇਂ ਵਾਸਤੇ ਕਵਿਤਾ ਰਚ ਲੈਂਦੇ ਸਨ । ਜੇ ਮਨਾਲੀ ਗਏ ਤਾਂ ਮਨਾਲੀ ਤੇ ਲਿਖ ਦਿਤਾ—

## ਦੇਖੀ ਉਹ ਮਨਾਲੀ ਹੈ

ਵਡੇ ਵਡੇ ਉਚੇ ਉਚੇ ਵਿੰਗੇ ਵਿੰਗੇ ਪਹਾੜਾਂ ਵਿਚੋਂ,
ਲੰਘਦੀ ਸੜਕ ਜਿਥੇ ਕਈ ਮੋੜਾਂ ਵਾਲੀ ਹੈ ।
ਹੇਠਾਂ ਖੱਡਾਂ ਡੂੰਘੀਆਂ, ਘਾਟੀਆਂ ਬਿਖਮ ਉਤੇ,
ਨਿਕੇ ਮੋਟੇ ਪੱਥਰਾਂ ਦੀ ਜੜਤ ਵਲੀ ਪਾਲੀ ਹੈ ।
ਕਰਦੀ ਕੁਲਾਹਲ ਬਿਆਸਾ ਜਿਥੋਂ ਲੰਘਦੀ ਹੈ,
ਮਾਰਦੀ ਵਲੇਵੇਂ ਅਲਬੇਲੀ ਮਤਵਾਲੀ ਹੈ ।
ਇਕ ਪਾਸੇ ਦੇਵਦਾਰ ਖੜ੍ਹੇ ਬ੍ਰਿਛ ਭਾਸਦੇ ਨੇ,
ਜਿਵੇਂ ਪਲਟਨ ਕੋਈ ਪੈਹਰਾ ਦੇਣ ਵਾਲੀ ਹੈ ।
ਪੈਂਦੀ ਹੈ ਫੁਹਾਰ ਜਿਥੇ ਬਰਫਾਂ ਦੀ ਫੁਹਾਰੇ ਵਾਂਗ,
ਹਰੇ ਹਰੇ ਪਰਬਤਾਂ ਦੀ ਵੱਖਰੇ ਹਰਿਆਲੀ ਹੈ ।
ਠੰਢੀ ਰੁਤ ਛੇਤੀ ਪੌਣ ਪਾਣੀ ਠੰਢਾ ਥਾਂ ਥਾਂ ਤੇ,
ਗਰਮੀ ਸਿਆਸੀ ਵੀ ਨਾ ਕਿਤੇ ਡਿਠੀ ਭਾਲੀ ਹੈ ।
ਭੂਰੇ ਕਾਲੇ ਚਿੱਟੇ ਜਿਥੇ ਬਦਲ ਬੱਦਲ ਔਂਦੇ,
ਆਂਵਦੀ ਗਰਜ ਨਾਲ ਮਨਾਂ 'ਚ ਖੁਸ਼ਹਾਲੀ ਹੈ ।
ਸੇਬਾਂ ਦੇ ਬਗੀਚੇ ਤੇ ਅੰਬਾਰ ਜਿਥੇ ਚਾਰੇ ਪਾਸੇ,
ਲਾਲ ਹਰੇ ਫਲਾਂ ਨਾਲ ਲੱਦੀ ਡਾਲੀ ਡਾਲੀ ਹੈ ।

* * * *

ਅਤੇ ਗੁਰੂ ਭਗਤੀ ਦਾ ਨਮੂਨਾ

## ਕਵੀ-ਬੰਦਨਾ

ਬੰਦਉਂ ਭਗੌਤੀ ਪ੍ਰਥਮ ਸ੍ਰੀ ਗੁਰੂ ਨਾਨਕ ਪੂਰੇ
ਗੁਰੂ ਅੰਗਦ ਅਮਰ ਔ ਰਾਮ ਦਾਸ ਸ੍ਰੀ ਅਰਜਨ ਰੂਰੇ
ਹਰਿ ਗੋਬਿੰਦ ਹਰਿ ਰਾਇ ਸ੍ਰੀ ਹਰਿ ਕ੍ਰਿਸ਼ਨ ਪਿਆਰੇ
ਤੇਗ ਬਹਾਦਰ ਨੌਮ ਦਸਮ ਗੋਬਿੰਦ ਮ੍ਰਿਗਰਾਰੇ
ਗੁਰੂ ਬਾਲਿਕ ਗੁਰੂ ਰਾਮ ਹਰੀ ਪ੍ਰਤਾਪ ਅਖੰਡਤ
ਸਹਿਤ ਗੁਰੂ ਜਗਜੀਤ 'ਆਤਮਾ' ਸਭਕੋ ਬੰਦਤਿ ।

## ਕੁੰਡਲੀਆ ਛੰਦ

ਬੰਦਨ ਕਰੋ ਅਕਾਲ ਕੋ ਜੋ ਗੁਰੂ ਨਾਨਕ ਰੂਪ,
ਅੰਗਦ, ਅਮਰ, ਔ ਰਾਮਦਾਸ ਗੁਰੂ ਅਰਜਨ ਅਨੂਪ,
ਗੁਰੂ ਅਰਜਨ ਅਨੂਪ ਹਰਿ ਗੋਬਿੰਦ ਹਰਿ ਰਾਇਆ,
ਹਰੀ ਕ੍ਰਿਸ਼ਨ, ਗੁਰੂ ਨੌਮ, ਸ੍ਰੀ ਸਮੇਸੁਰ ਆਇਆ,
ਗੁਰੂ ਬਾਲਿਕ ਹਰੀ ਰਾਮ ਹਰੀ ਹਰਿਜਸ ਕੋ ਨੰਦਨ,
ਗੁਰ ਪ੍ਰਤਾਪ, ਜਗਜੀਤ ਗੁਰੂ ਕੋ ਕਰਹੋਂ, ਬੰਦਨ ।



Sri Satguru Jagjit Singh Ji eLibrary NamdhariElibrary@gmail.com

ਆਮ ਲੋਕਾਂ ਨਾਲ ਉਹਨਾਂ ਦਾ ਬਹੁਤ ਸੰਪਰਕ ਸੀ। ਨਾਮਧਾਰੀਆਂ ਦੇ ਅਨੰਦ ਕਾਰਜ ਸਮੂਹਕ ਰੂਪ ਵਿਚ ਹੁੰਦੇ ਹਨ। ਵਡੇ ਮੇਲਿਆਂ ਵਿਚ ਦਰਜਨਾਂ ਦੀ ਤਾਦਾਦ ਵਿਚ ਜੋੜੇ ਅਨੰਦ ਕਾਰਜ ਕਰਵਾਉਂਦੇ ਹਨ। ਮਹੰਤ ਹੋਰਾਂ ਦੀ ਇਹ ਜ਼ਿਮੇਵਾਰੀ ਹੁੰਦੀ ਕਿ ਉਹ ਇਕ ਰਜਿਸਟਰ ਤੇ ਇਹਨਾਂ ਦੇ ਨਾਮ ਲਿਖਣ। ਮਹੰਤ ਜੀ ਪੁਛਦੇ ਲੜਕੇ ਦਾ ਜਾਂ ਲੜਕੀ ਦਾ ਨਾਮ, ਪਿਤਾ ਦਾਂ ਨਾਮ, ਸਹਿਰ ਪਿੰਡ ਥਾਂ, ਗਰੰਟੀ ਦੇਣ ਵਾਲਾ, ਸਬਾ ਜਾਂ ਜ਼ੁਮੇਵਾਰ ਜਾਣਕਾਰ ਵਿਅਕਤੀ ਦਾ ਨਾਂਅ। ਪਾਠ ਕੀਤਾ ਹੈ ਕਿ ਨਹੀਂ ? ਮਰਯਾਦਾ ਠੀਕ ਹੈ ਜਾਂ ਫਰਕ ਲੋੜੀਂਦਾ ਮੋਖ ਲੈਂਦੇ ਤੇ ਅਗਲੇ ਦਿਨਾਂ ਵਿਚ ਹੋਣ ਵਾਲੇ ਅਨੰਦ ਕਾਰਜ ਦੀ ਪਰਵਾਨਗੀ ਮਿਲ ਜਾਂਦੀ। ਜੇ ਕੋਈ ਗੱਲ ਠੀਕ ਨਾ ਹੁੰਦੀ ਤਾਂ ਅੰਤਮ ਫ਼ੈਸਲੇ ਲਈ ਸਤਿਗੁਰੂ ਜੀ ਕੋਲ ਅਰਜ਼ ਹੁੰਦੀ। ਇਸ ਤਰਾਂ ਨਾਮਧਾਰੀਆਂ ਵਿਚ ਬਹੁ-ਗਿਣਤੀ ਦੇ ਵਿਆਹਾਂ ਦੀ ਰਜਿਸਟਰੇਸ਼ਨ ਮਹੰਤ ਸਨਖ਼ਤਰਾ ਦੇ ਹਥੀਂ ਹੁੰਦੀ। ਇਸੇ ਕਰਕੇ ਹੀ ਮਨਚਲਿਆਂ ਨੇ ਉਹਨਾਂ ਦਾ ਨਾਮ 'ਵਿਧਮਾਤਾ' ਵੀ ਪਾਇਆ ਹੋਇਆ ਸੀ।

ਇਕ ਕਰੜੀ ਡਿਊਟੀ ਉਹ ਸ਼ੌਕ ਤੇ ਪੂਰੀ ਦ੍ਰਿੜ੍ਹਤਾ ਨਾਲ ਨਿਭਾਉਂਦੇ। ਉਹ ਸੀ ਵੱਡੇ ਮੇਲਿਆਂ ਸਮੇਂ ਪ੍ਰੋਗਰਾਮ ਦਾ ਐਲਾਨ ਕਰਨਾ। ਉਹ ਤੜਕੇ ਅੱਧੀ ਰਾਤ ਬਾਦ ਕੇਸੀਂ ਇਸ਼ਨਾਨ ਕਰਕੇ ਦੀਵਾਨ ਵਿਚ ਆਉਂਦੇ। ਆਸਾ ਦੀ ਵਾਰ ਦੇ ਕੀਰਤਨ ਬਾਦ ਐਲਾਨ ਕਰਦੇ ਇੰਨੇ ਤੋਂ ਇੰਨੇ ਤਕ ਇਸ ਜਥੇਦਾਰ ਦਾ ਦੀਵਾਨ ਲਗੇਗਾ ਇੰਨੇ ਵਜੇ ਇਸ ਦਾ ਕੀਰਤਨ ਹੋਵੇਗਾ, ਨਿਤਨੇਮ ਹੋਵੇਗਾ। ਇਹ ਸਿਲਸਲਾ ਰਾਤ ਤਕ ਚਲਦਾ ਤੇ ਮਹੰਤ ਹੋਰੀਂ ਇਹ ਸਾਰਾ ਕੁਝ ਭੁਗਤ ਈ ਜਾਂਦੇ। ਸਵੇਰੇ ਉਹ ਸਤਿਜੁਗ ਦੇ ਚੰਦਿਆਂ ਵਾਸਤੇ ਵੀ ਅਪੀਲ ਕਰਦੇ ਅਤੇ ਪੁਸਤਕਾਂ ਖਰੀਦਣ ਵਾਸਤੇ ਵੀ। ਜਦੋਂ ਉਹ ਖ਼ੁਸ਼ ਹੋ ਕੇ ਬਹੁਤ ਸੁਆਦ ਨਾਲ ਐਲਾਨ ਕਰਦੇ ਕਿ ਸਾਧ ਸੰਗਤ ਤੁਹਾਡੇ ਦੋਹਾਂ ਹੱਥਾਂ ਵਿਚ ਹੀ ਲੱਡੂ ਹਨ ਤਾਂ ਲੋਕ ਸਮਝ ਜਾਂਦੇ ਕਿ ਅਜ ਲੰਗਰ ਵਿਚ ਦੇਸੀ ਘਿਓ ਦੇ ਮੋਟੇ ਲੱਡੂ ਵਰਤਾਏ ਜਾਣੇ ਹਨ।

ਨਾਮਧਾਰੀ ਦਰਬਾਰ ਦੀ ਮੀਟਿੰਗ ਹੁੰਦੀ ਤਾਂ ਉਥੇ ਵੀ ਉਹ ਰਜਿਸਟਰ ਲੈ ਕੇ ਬੈਠੇ ਹੁੰਦੇ। ਨਾਮਧਾਰੀਆਂ ਦੇ ਸਮਾਜਿਕ ਅਤੇ ਸਿਆਸੀ ਮਸਲੇ ਇਥੇ ਵਿਚਾਰੇ ਜਾਂਦੇ ਮਤੇ ਪਾਸ ਹੁੰਦੇ ਅਤੇ ਪ੍ਰੋਗਰਾਮ ਉਲੀਕੇ ਜਾਂਦੇ। ਲੰਮਾ ਸਮਾਂ ਉਹ ਦਰਬਾਰ ਦੇ ਸਕੱਤਰ ਰਹੇ।

ਬਹੁਤ ਸਾਰੀਆਂ ਥਾਵਾਂ ਤੇ ਸਾਨੂੰ ਇਕੱਠਿਆਂ ਜਾਣ ਦਾ ਅਵਸਰ ਮਿਲਿਆ। ਥਾਈਲੈਂਡ ਦੀ ਪੰਜਾਬੀ ਕਾਨਫਰੰਸ, ਇੰਗਲੈਂਡ ਦਾ ਹੇਲਾ, ਮਨਾਲੀ-ਮੰਡੀ-ਗੋਲਾਗੋਕਰਨ ਨਾਥ ਅਤੇ ਧੁਰ ਮਹਾਰਾਸ਼ਟਰ ਵਿਚ ਪਵਨਾਰ ਆਸ਼ਰਮ। ਮਹੰਤ ਜੀ ਨੂੰ ਬਹੁਤ ਕਰੀਬ ਤੋਂ ਦੇਖਿਆ। ਉਹਨਾਂ ਵਿਚ ਇਕ ਬੱਚਿਆਂ ਵਾਲਾ ਭੋਲਾਪਨ ਸੀ। ਇਕ ਸਾਦਗੀ, ਜੋ ਅੱਜ ਦੁਰਲੱਭ ਹੈ। ਇਕ ਨਿਰਛਲਤਾ ਸੀ, ਜੋ ਪੁਰਾਣੇ ਲੋਕਾਂ ਦਾ ਸ਼ਿੰਗਾਰ ਸੀ।

ਏਸ ਸਾਦਗੀ ਦੇ ਬਹੁਤ ਸਾਰੇ ਕਿੱਸੇ ਹਨ। ਦਿੱਲੀ ਤੋਂ ਅਸੀਂ ਪਵਨਾਰ ਵਿਨੋਬਾ ਭਾਵੇ ਜੀ ਦੇ ਆਸ਼ਰਮ ਲਈ ਜਾਣ ਲਗੇ। ਦਲੀਪ ਸਿੰਘ ਲੁਧਿਆਣਾ ਸਾਡੇ ਨਾਲ ਸਨ। ਦਲੀਪ ਸਿੰਘ ਨੇ ਵਾਹੋ ਦਾਹ ਪੁਛਿਆ ਨਾਲ ਪੜ੍ਹਣ ਲਈ ਕੀ ਲਵੋਗੇ। ਕਵੀ ਜੀ ਨੇ ਕਿਹਾ 'ਹਿੰਦੀ ਬਿਲਿਟਜ਼' ਲੈ ਆ, ਮੈਂ 'ਇੰਡੀਆ ਟੂ-ਡੇ' ਦੀ ਮੰਗ ਕੀਤੀ। ਮਹੰਤ ਆਤਮਾ ਸਿੰਘ ਜੀ ਨੇ ਕਿਹਾ ਕਿ ਅਛਾ ਬਹੁਤਾ ਜ਼ੋਰ ਪਾਉਂਦੇ ਹੋ ਤਾਂ 'ਚੰਦਾ ਮਾਮਾ' ਲੈ ਆਓ। ਦਲੀਪ ਸਿੰਘ ਨੇ ਹੈਰਾਨੀ ਨਾਲ ਫੇਰ ਪੁਛਿਆ ਚੰਦਾ ਮਾਮਾ ? ਇਹ ਤਾ ਬੱਚਿਆਂ ਦਾ ਪਰਚਾ ਹੈ।—ਆਹੋ ਪਰ ਉਹਦੇ ਵਿਚ ਕਹਾਣੀਆਂ ਵਧੀਆ ਹੁੰਦੀਆਂ ਹਨ। ਪੁਰਾਣੇ ਇਤਿਹਾਸ ਦੀਆਂ। ਹੁਣ ਮੈਂ ਸੋਚਦਾ ਹਾਂ ਕਿ ਸੱਚਮੁਚ ਰਮਾਇਣ, ਮਹਾਂਭਾਰਤ ਅਤੇ ਪੁਰਾਣ ਕਥਾਵਾਂ ਦਾ ਜੋ ਪ੍ਰਭਾਵ ਲੋਕ ਮਨਾਂ ਤੇ ਹੈ ਜਾਂ ਜੀਵਨ ਨੂੰ ਇਹ ਸੇਧ ਦਿੰਦੀਆਂ ਹਨ ਨਵੀਨ ਜੁਗ ਦੇ ਪਰਚਾਰ ਸਾਧਨ ਕਿੱਥੇ ਦੇ ਰਹੇ ਹਨ।

ਇੰਗਲੈਂਡ ਦੇ ਦੌਰੇ ਸਮੇਂ ਅਸੀਂ ਲੋਕ ਘਰਾਂ ਵਿਚ ਠਹਿਰੇ ਜਾਂ ਹੋਟਲਾਂ ਵਿਚ। ਮਹੰਤ ਆਤਮਾ ਸਿੰਘ ਹੋਰਾਂ ਬਰਮਿੰਘਮ ਦੇ ਨਾਮਧਾਰੀ ਗੁਰਦੁਆਰੇ ਦਾ ਇਕ ਕੋਨਾ ਅਜਿਹਾ ਮਲਿਆ ਕਿ ਉਥੇ ਹੀ ਸਾਰਾ ਵਕਤ ਲੇਖੇ ਲਾਇਆ। ਸਵੇਰੇ ਉਠ ਕੇ ਇਸ਼ਨਾਨ ਕਰਕੇ ਉਹ ਸਭ ਤੋਂ ਪਹਿਲਾਂ 'ਸਤਿਜੁਗ' ਦੀ ਰਿਪੋਰਟ ਤਿਆਰ ਕਰਦੇ ਫੇਰ ਹੋਰ ਕੰਮ। ਉਹਨਾਂ ਦੀਆਂ ਲਿਖੀਆਂ ਰਿਪੋਰਟਾਂ ਆਮ ਲੋਕਾਂ ਵਿਚ ਦਿਲਚਸਪੀ ਨਾਲ ਪੜ੍ਹੀਆਂ ਜਾਂਦੀਆਂ। ਇਹ ਧਾਰਮਿਕ ਹੋਣ, ਸਮਾਜਿਕ ਹੋਣ ਜਾਂ ਸੰਗੀਤ ਸੰਮੇਲਨਾਂ ਦੀਆਂ।

ਜੀਵਨ ਵਿਚ ਉਹਨਾਂ ਬਹੁਤ ਉਤਾਰ ਚੜ੍ਹਾ ਵੀ ਵੇਖੇ। ਅਜਿਹੇ ਸਮੇਂ ਇਮਤਿਹਾਨ ਦੀ ਘੜੀ ਹੁੰਦੇ ਹਨ। ਉਹ ਸਾਰੀ ਉਮਰ ਲੋਕਾਂ ਨੂੰ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਰਹੇ ਪਰ



Sri Satguru Jagjit Singh Ji eLibrary NamdhariElibrary@gmail.com

ਉਹਨਾਂ ਦੀ ਪਰਖ ਦੀ ਘੜੀ ਵੀ ਆ ਗਈ। ਪੰਜਾਬ ਤ੍ਰਾਸਦੀ ਦੇ ਕਾਲੇ ਦਿਨਾਂ ਵਿਚ ਅਹੀਆਪੁਰ ਵਿਚ ਹੋਏ ਬੇਤਹਾਸ਼ਾ ਗੋਲੀ ਕਾਂਡ ਵਿਚ ਉਹਨਾਂ ਦਾ ਵੱਡਾ ਸਪੁੱਤਰ ਜੁਗਿੰਦਰ ਸਿੰਘ ਚੜ੍ਹਾਈ ਕਰ ਗਿਆ। ਲੋਕ ਡਰ ਦੇ ਮਾਰੇ ਤ੍ਰਾਸ-ਤ੍ਰਾਸ ਕਰ ਰਹੇ ਸਨ। ਮਹੰਤ ਹੋਰਾਂ ਕਿਹਾ ਸਸਕਾਰ ਵਾਸਤੇ ਸ਼ਬਦ ਪੜ੍ਹਦੇ ਜਾਣਾ ਹੈ। ਉਹ ਆਪ ਸ਼ਬਦਾਂ ਦੀਆਂ ਧਾਰਨਾ ਪੜ੍ਹਦੇ ਜਾਣ ਤੇ ਉਹਨਾਂ ਦਾ ਸਪੁੱਤਰ ਇੰਦਰ ਸਿੰਘ ਢੋਲਕੀ ਵਜਾਵੇ। ਸਾਰੇ ਇਲਾਕੇ ਵਿਚ ਇਸ ਗੱਲ ਦਾ ਚਰਚਾ ਹੋਇਆ। ਉਹ ਇਮਤਿਹਾਨ ਵਿਚ ਖਰੇ ਉਤਰੇ। ਜਦੋਂ ਜੁਗਿੰਦਰ ਸਿੰਘ ਦੇ ਭੋਗ ਤੇ ਜੁੜੀ ਅਥਾਹ ਸੰਗਤ ਵਲ ਵੇਖਿਆ ਤਾਂ ਮਹੰਤ ਜੀ ਕਹਿੰਦੇ ਫਿਰਨ ਵਾਹ ਵਾਹ ਭਈ ਵਾਹ ਬੜਾ ਮੇਲਾ ਬਣ ਗਿਐ ਸਤਿਗੁਰਾਂ ਦੀ ਕਿਰਪਾ ਨਾਲ। ਐਸੇ ਸਨ ਉਹ ਲੋਕ।

ਕਹਿੰਦੇ ਹਨ ਕਿ ਰੁੱਖ ਦੀ ਪਛਾਣ ਉਸ ਦੇ ਫਲ ਹੁੰਦੇ ਹਨ ਅਤੇ ਧਰਮ ਦੀ ਪਛਾਣ ਵਿਅਕਤੀ ਦੇ ਅਮਲਾਂ ਤੋਂ ਹੁੰਦੀ ਹੈ। ਮਹੰਤ ਆਤਮਾ ਸਿੰਘ ਦੇ ਅਮਲ ਨਾਮਧਾਰੀ ਪੰਥ ਦੀ ਸਵਛ ਉਚੀ ਸੁੱਚੀ ਪਛਾਣ ਕਰਵਾਉਂਦੇ ਹਨ।

ਨਾਮਧਾਰੀ ਸੰਸਾਰ ਦੀ ਸੋਭਾ, ਸਤਿਗੁਰੂ ਜੀ ਦਾ ਅਭਿਨੰਦਨ ਮਾਨ ਸਤਿਕਾਰ ਵਧਦਾ ਫ਼ੈਲਦਾ ਵੇਖਕੇ ਉਹਨਾਂ ਦੇ ਜੱਸ ਕੀਰਤ ਨੂੰ ਸੁਣ ਕੇ ਪੜ੍ਹ ਕੇ ਮਹੰਤ ਆਤਮਾ ਸਿੰਘ ਦਾ ਚਿਹਰਾ ਖਿੜ ਉਠਦਾ ਅੱਖਾਂ ਵਿਚ ਚਮਕ ਆ ਜਾਂਦੀ ਅਤੇ ਮੱਥੇ ਦੀਆਂ ਲਕੀਰਾਂ ਫੈਲ ਜਾਂਦੀਆਂ।

ਜੀਵਨ ਨਗਰ ਤੋਂ ਉਹ ਆਪਣੇ ਪਿੰਡ ਰੌਲੀਆ ਆ ਗਏ। ਸਰੀਰ ਬੀਮਾਰ ਰਹਿਣ ਲੱਗਾ ਤੇ ਫੇਰ ਦਰਸ਼ਨ ਦੁਰਲੱਭ ਹੁੰਦੇ ਗਏ।

ਉਹਨਾਂ ਦੀ ਵੱਡੀ ਤੇ ਪੁਰਾਣੀ ਰੀਝ ਸੀ ਕਿ ਉਹਨਾਂ ਦਾ ਲਿਖਿਆ ਖਰੜਾ 'ਸ੍ਰੀ ਨਾਨਕ ਰਾਜ' ਪੁਸਤਕ ਦਾ ਰੂਪ ਲੈ ਸਕੇ, ਪਰ ਸਮਾਂ ਲੰਘਦਾ ਗਿਆ। ਸ਼ਾਇਦ ਉਹ ਮਾਯੂਸ ਵੀ ਹੋ ਗਏ ਹੋਣ। ਬਹੁਤ ਸਾਰੀਆਂ ਘਟਨਾਵਾਂ ਦਾ ਪਾਣੀ ਪੁਲਾਂ ਹੇਠੋਂ ਗੁਜ਼ਰ ਗਿਆ। ਫੇਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਨਾਲ ਸੰਤ ਤਰਸੇਮ ਸਿੰਘ ਜੀ ਸਰਗਰਮ ਹੋਏ ਅਤੇ ਪਿਛਲੇ ਸਾਲ ਜਪ ਪ੍ਰਯੋਗ ਸਮਾਗਮ ਤੇ ਸ੍ਰੀ ਭੈਣੀ ਸਾਹਿਬ ਵਿਖੇ ੧੯ ਅਕਤੂਬਰ ੧੯੯੭ ਨੂੰ ਇਸ ਗਰੰਥ ਦਾ ਵਿਮੋਚਨ ਸ੍ਰੀ ਸਤਿਗੁਰੂ ਜੀ ਦੀ ਹੱਥੀਂ ਹੋਇਆ। ਮਹੰਤ ਆਤਮਾ ਸਿੰਘ ਦੇ ਸਰੀਰ ਵਿਚ ਨਵੀਂ ਜਾਨ ਪੈ ਗਈ, ਜਿਵੇਂ ਜ਼ਿੰਦਗੀ ਦਾ ਮਿਸ਼ਨ ਪੂਰਾ ਹੋ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਕੀਤੇ ਵਾਅਦੇ ਤੋਂ ਉਹ ਸੁਰਖ਼ਰੂ ਹੋ ਗਏ।

ਪਵਨਾਰ ਯਾਤਰਾ ਦੇ ਰਾਹ ਵਿਚ ਮਹੰਤ ਹੋਰਾਂ ਆਖਿਆ ਸੀ—"ਮੈਨੂੰ ਕਈ ਕੁਝ ਸਮਝਿਆ ਜਾਂਦਾ ਹੈ, ਪਰ ਮੈਂ ਸਤਿਗੁਰਾਂ ਦਾ ਬੰਦਾ ਹਾਂ ..ਹੋਰ ਕਿਸੇ ਦਾ ਨਹੀਂ।"

੧੦ ਜੁਲਾਈ ਨੂੰ ਜਦੋਂ ਟਾਂਡੇ ਦਸੂਹੇ ਦੇ ਇਲਾਕੇ ਵਿਚ ਬੇਅੰਤ ਵਰਖਾ ਹੋਈ। ਜਦੋਂ ਮੀਂਹ ਦੇ ਪ੍ਰਕੋਪ ਵਿਚ ਵੇਈਂ ਨਦੀ ਦੇ ਪੁਲ ਪਾਣੀ 'ਚ ਡੁੱਬ ਗਏ ਅਤੇ ਰਸਤੇ ਬੰਦ ਹੋ ਗਏ, ਉਸ ਦਿਨ ਜਦ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੱਡੀਆਂ ਦੇ ਕਾਫ਼ਲੇ ਨੂੰ ਲੋਕਾਂ ਨੇ ਪਿੰਡੋ-ਪਿੰਡੀ ਹੁੰਦਿਆਂ ਵਰ੍ਹਦੇ ਮੀਂਹ ਵਿਚ ਦੁਰਾਡੇ ਰਾਹਾਂ ਦੁਆਰਾ ਰੌਲੀਆ ਪਿੰਡ ਨੂੰ ਜਾਂਦਿਆਂ ਵੇਖਿਆ ਤਾਂ ਪਤਾ ਲਗਾ ਕਿ ਇਸ ਇਲਾਕੇ ਵਿਚ ਵੀ ਕੋਈ ਸਤਿਗੁਰਾਂ ਦਾ ਬੰਦਾ ਰਿਹਾ ਹੈ। ਲਗਾਤਾਰ ਪੈਂਦੇ ਮੀਂਹ ਵਿਚ ਦੀਵਾਨ ਲੱਗੇ, ਭਾਸ਼ਣ ਹੋਏ ਅਤੇ ਸਤਿਗੁਰੂ ਜੀ ਦੇ ਪ੍ਰਵਚਨ ਹੋਏ। ਜੇ ਸਿੱਖ ਗੁਰੂ ਨੂੰ ਮਿਲਣ ਸਮੁੰਦਰੋਂ ਪਾਰ ਜਾਂਦੇ ਰਹੇ ਨੇ ਤਾਂ ਸਤਿਗੁਰੂ ਵੀ ਕੋਟ ਪੈਂਡਾ ਅੱਗੇ ਆਉਂਦਾ ਹੈ। ਇਹ ਦਿਨ ਮਹੰਤ ਆਤਮਾ ਸਿੰਘ ਦੀ 'ਜੈ ਜੈਕਾਰ' ਦਾ ਦਿਨ ਸੀ। ਉਹਨਾਂ ਦਾ ਕਥਨ ਸਾਬਤ ਹੋਇਆ ਕਿ "ਮੈਂ ਸਤਿਗੁਰਾਂ ਦਾ ਬੰਦਾ ਹਾਂ।" 'ਮੇਰੀ ਜ਼ਿੰਦਗੀ ਦਾ ਸਫ਼ਰਨਾਮਾ' ਕਿਤਾਬਚੇ ਵਿਚ ਉਹਨਾਂ ਸ਼ੁਰੂ ਵਿਚ ਹੀ 'ਬ੍ਰਹਮ ਅੰਸ਼' ਤੋਂ ਵਰਤਮਾਨ (ਕੁਮਾਰ) ਵੰਸ਼ ਸਿਰਲੇਖ ਹੇਠ ਬਾਣੀ ਦੀਆਂ ਤੁਕਾਂ ਨਾਲ ਆਪਣੇ ਵੰਸ਼ ਘੁਮਾਰ ਬਰਾਦਰੀ ਵਿਚੋਂ ਹੋਣ ਤੇ ਫ਼ਖ਼ਰ ਮਹਿਸੂਸ ਕੀਤਾ ਹੈ, ਪੜ੍ਹ ਕੇ ਸੰਸਕ੍ਰਿਤ ਕਾਵਿ ਦੀ ਇਕ ਟੂਕ ਯਾਦ ਆਈ—

"ਵੱਡੇ ਆਦਮੀ ਮਾਮੂਲੀ ਥਾਂ ਤੋਂ ਉਠਕੇ ਬੜੇ ਬੜੇ ਕੰਮ ਕਰਦੇ ਹਨ। ਦੇਖੋ ਅਗਸਤ ਰਿਸ਼ੀ ਜੰਮਿਆ ਘੜੇ ਤੋਂ ਸੀ ਤੇ ਪਲਿਆ ਵੀ ਨਾਂਗੇ ਸਾਧੂਆਂ ਵਾਂਗ.. ਬਿਰਛਾਂ ਦੀਆਂ ਛਿੱਲਾਂ ਪਹਿਨਕੇ, ਪਰ ਉਹ ਸਮੁੰਦਰ ਪੀ ਗਿਆ !!"

ਉਹਨਾਂ ਦੇ ਤੁਰ ਜਾਣ ਬਾਦ ਮਹਿਸੂਸ ਕਰਦਾ ਹਾਂ ਕਿ ਦੁਨੀਆ ਤਾਂ ਆਵਣ ਜਾਣੀ ਹੈ। ਇਹ ਸਭ ਦਸਤੂਰ ਚਲਦਾ ਰਹਿਣਾ ਹੈ ਪਰ ਇਹੋ ਜਿਹੇ ਸਾਦਾ ਅਤੇ ਸੁਹਿਰਦ ਬੰਦਾ ਕਿਥੋਂ ਲਭਾਂਗੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

## ਮਾਤਾ ਇੰਦਰ ਕੌਰ ਨਮਿਤ ਮੇਲਾ

ਮਾਤਾ ਇੰਦਰ ਕੌਰ ਜੀ, I. C.–147, ਨਾਮਧਾਰੀ ਕਲੋਨੀ, ਰਮੇਸ਼ ਨਗਰ, ਨਵੀਂ ਦਿੱਲੀ ਵਾਲੇ ਆਪਣੀ ਸੰਸਾਰ ਯਾਤਰਾ ੧੭ ਜੂਨ ਨੂੰ ਪੂਰੀ ਕਰ ਗਏ। ਮਾਤਾ ਇੰਦਰ ਕੌਰ ਜੀ ਨੇ ਆਪਣਾ ਸਾਰਾ ਜੀਵਨ ਨਾਮ ਸਿਮਰਨ ਅਤੇ ਸੇਵਾ ਵਿਚ ਲਾਇਆ। ਆਪ ਦਿੱਲੀ ਵਿਚ ਇਸਤਰੀ ਜਥੇ ਵਲੋਂ ਨਾਮ ਸਿਮਰਨ ਵਰਨੀਆਂ ਦਾ ਕਾਰਜਕਰਮ ਘਰੋ-ਘਰੀ ਜਾ ਕੇ ਕਰਵਾਉਂਦੇ। ਨਾਮਧਾਰੀ ਧਰਮਸਾਲਾ ਦਿੱਲੀ ਵਿਚ ਨਿੱਤ ਹੁੰਦੇ ਵੱਡੇ ਵੱਡੇ ਲੰਗਰਾਂ ਵਿਚ ਪਰਸ਼ਾਦੇ ਪਕਾਉਣ ਦੀ ਸੇਵਾ ਵਿਚ ਸਦਾ ਰੁੱਝੇ ਰਹਿੰਦੇ ਅਤੇ ਸ੍ਰੀ ਭੈਣੀ ਸਾਹਿਬ ਵਿਚ ਵੱਡੇ ਮੇਲਿਆਂ ਵਿਚ ਵੀ ਪਰਸ਼ਾਦੇ ਪਕਾਉਣ ਦੀ ਕਠਨ ਸੇਵਾ ਨਿਭਾਉਂਦੇ। ਘਰ ਵਿਚ ਵੀ ਆਏ ਗਏ ਸਾਧ ਸੰਤ ਦੀ ਲੰਗਰ ਪਾਣੀ ਨਾਲ ਸੇਵਾ ਕਰਨੀ ਆਪਣਾ ਪਰਮ ਧਰਮ ਸਮਝਦੇ। ਮਾਤਾ ਇੰਦਰ ਕੌਰ ਜੀ ਸਵਰਗੀ ਬੀਬੀ ਹਰਬੰਸ ਕੌਰ ਢੌਡਾ ਦੀ ਵੱਡੀ ਭੈਣ ਸਨ। ਉਹਨਾਂ ਦੇ ਜਾਣ ਨਾਲ ਇਸਤਰੀਆਂ ਦੇ ਜਥੇ ਵਿਚ ਬਹੁਤ ਖਲਾਅ ਪਿਆ ਹੈ ਅਤੇ ਨਾਮਧਾਰੀ ਸੰਸਾਰ ਨੂੰ ਵੀ ਘਾਟਾ ਪਿਆ ਹੈ। ਮਾਤਾ ਇੰਦਰ ਕੌਰ ਦੀ ਯਾਦ ਵਿਚ ਦਿੱਲੀ ਨਾਮਧਾਰੀ ਧਰਮਸਾਲਾ ਵਿਚ ਵਿਚ ਮਿਤੀ ੩੦ ਜੂਨ ੧੯੯੮ ਨੂੰ ਮੇਲਾ ਕੀਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀ ਇਸ ਸੇਵਕ ਆਤਮਾ ਨਮਿਤ ਮੇਲੇ ਵਿਚ ਉਚੇਚਿਆਂ ਸ਼ਾਮਲ ਹੋਏ। ਪਹਿਲਾਂ ਸੰਤ ਕਰਤਾਰ ਸਿੰਘ ਢੌਡਾ ਹੁਰਾਂ ਸ਼ਬਦ ਕੀਰਤਨ ਕੀਤਾ, ਉਪਰੰਤ ਕਵੀਸ਼ਰ ਸੰਤੋਖ ਸਿੰਘ ਅਮਰਾਸਰ ਦੇ ਜਥੇ ਨੇ ਦੀਵਾਨ ਸਜਾਇਆ। ਸਮੂਹਿਕ ਨਾਮ ਸਿਮਰਨ ਹੋਇਆ ਅਤੇ ਵਿਛੜੀ ਜੀਵ-ਆਤਮਾ ਨਮਿਤ ਪਾਠ ਦਾ ਭੋਗ ਪਾ ਕੇ ਅਰਦਾਸ ਕੀਤੀ ਗਈ। ਜਥੇਦਾਰ ਸੇਵਾ ਸਿੰਘ ਜੀ ਨੇ ਮਾਤਾ ਇੰਦਰ ਕੌਰ ਦੀ ਜੀਵਨ ਘਾਲਣਾ ਨੂੰ ਯਾਦ ਕਰਦਿਆਂ ਕੁਝ ਸ਼ਬਦ ਕਹੇ। ਬਹੁਤ ਦਿਨਾਂ ਦੀ ਉਡੀਕ ਬਾਦ ਮੌਸਮ ਬਾਰਸ਼ ਨਾਲ ਠੰਢਾ ਹੋ ਗਿਆ। ਭਾਰੀ ਮੀਂਹ ਦੇ ਬਾਵਜੂਦ ਸਾਧ-ਸੰਗਤ ਦੂਰੋਂ ਨੇੜਿਓਂ ਹੁਮ-ਹੁਮਾਕੇ ਪਜੀ। ਮਾਤਾ ਜੀ ਦੇ ਸਪੁਤਰਾਂ ਸ. ਸਵਰਨਜੀਤ ਸਿੰਘ, ਸ. ਤਰਨਜੀਤ ਸਿੰਘ ਅਤੇ ਚਰਨਜੀਤ ਸਿੰਘ ਅਤੇ ਸਮੂਹ ਪਰਿਵਾਰ ਵਲੋਂ ਧੰਨਵਾਦ ਕਰਦਿਆਂ ਆਈ ਸੰਗਤ ਦੀ ਲੰਗਰ-ਪਾਣੀ ਨਾਲ ਸੇਵਾ ਕੀਤੀ ਗਈ।

## ਸੰਤ ਅਜੀਤ ਸਿੰਘ ਨੂੰ ਵਿਛੋੜਾ

ਸ. ਅਜੀਤ ਸਿੰਘ ਸਕੱਤਰ ਨਾਮਧਾਰੀ ਦਰਬਾਰ ਦੇ ਪਿਤਾ ਸੰਤ ਸਰਦੂਲ ਸਿੰਘ ਮਾਨਾਵਾਲੀਏ ਜੀ ਨੇ ੯੯ ਸਾਲ ਦੀ ਆਯੂ ਵਿਚ ਮਿਤੀ ੧੨ ਜੂਨ ੧੯੯੮ ਨੂੰ ਲੁਧਿਆਣਾ ਵਿਚ ਆਪਣੇ ਅੰਤਮ ਸੁਆਸ ਲਏ। ਉਹਨਾ ਦੀ ਜੀਵ-ਆਤਮਾ ਨਮਿਤ ੨੦ ਜੂਨ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਭਾਰੀ ਮੇਲਾ ਹੋਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਸਮਾਗਮ ਵਿਚ ਦਰਸ਼ਨ ਦੇ ਕੇ ਕ੍ਰਿਤਾਰਥ ਕੀਤਾ ਅਤੇ ਭਾਣਾ ਮੰਨਣ ਵਾਸਤੇ ਪਰਿਵਾਰ ਅਤੇ ਸਾਧ ਸੰਗਤ ਨੂੰ ਪ੍ਰੇਰਿਤ ਕੀਤਾ। ਸਮੂਹਿਕ ਨਾਮ ਸਿਮਰਨ ਹੋਇਆ ਅਤੇ ਸੰਤ ਸਰਦੂਲ ਸਿੰਘ ਜੀ ਨਮਿਤ ਪਾਠ ਦਾ ਭੋਗ ਪਾਇਆ ਗਿਆ। ਵਿਛੜੀ ਜੀਵ ਆਤਮਾ ਨਮਿਤ ਸੰਤ ਹਰਬੰਸ ਸਿੰਘ ਘੁੱਲਾ, ਸੰਤ ਸ਼ੇਰ ਸਿੰਘ ਤੇ ਸਾਥੀਆਂ ਨੇ ਕੀਰਤਨ ਕੀਤਾ। ਜਥੇਦਾਰ ਇਕਬਾਲ ਸਿੰਘ ਜੀ ਨੇ ਦੀਵਾਨ ਲਾਕੇ ਕਥਾ-ਵਾਰਤਾ ਕੀਤੀ। ਸੰਤ ਸਰਦੂਲ ਸਿੰਘ ਮਾਨਾਵਾਲੀਏ ਜੀ ਦੇ ਵਡੇ ਸਪੁਤਰ ਸ. ਅਗਮ ਸਿੰਘ ਦੇ ਸੀਸ ਤੇ ਸਤਿਗੁਰੂ ਜੀ ਨੇ ਆਪਣੇ ਕਰ-ਕਮਲਾਂ ਦੁਆਰਾ ਦਸਤਾਰ ਸਜਾਈ। ਪਰਿਵਾਰ ਵਲੋਂ ਭਾਰੀ ਗਿਣਤੀ ਵਿਚ ਆਈ ਸਾਧ ਸੰਗਤ ਦੀ ਅਤੁਟ ਲੰਗਰ ਪਾਣੀ ਨਾਲ ਸਵਾ ਕੀਤੀ ਗਈ। ਧਰਮ ਕਾਰਜਾਂ ਹਿਤ ਮਾਇਆ ਅਰਪਿਤ ਕੀਤੀ ਗਈ। 'ਵਰਿਆਮ' ਨੂੰ ੫੦੦/-ਰੁਪੇ ਭੇਟ ਕੀਤੇ ਗਏ।

## ਅਮਰ ਭਾਰਤੀ ਜੀ ਦੀ ਨਵੀਂ ਪੁਸਤਕ ਰੀਲੀਜ਼

ਅਮਰ ਭਾਰਤੀ ਜੀ ਦੀ ਨਵੀਂ ਪੁਸਤਕ 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ' ਮਿਤੀ ੧ ਜੁਲਾਈ ੧੯੯੮ ਨੂੰ ਰੀਲੀਜ਼ ਕੀਤੀ ਗਈ। ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਨਵੀਂ ਦਿੱਲੀ ਦੀ ਧਰਮਸਾਲਾ ਵਿਚ ਦੁਪਹਿਰ ਦੇ ਨਿਤਨੇਮ ਬਾਦ ਇਸ ਦੀ ਪਹਿਲੀ ਕਾਪੀ ਅਮਰ ਭਾਰਤੀ ਜੀ ਨੇ ਸ੍ਰੀ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵਿਧੀਵਤ ਰੂਪ ਵਿਚ ਭੇਟ ਕੀਤੀ।

ਇਸ ਤੋਂ ਪਹਿਲਾਂ ਸ, ਹਰਵਿੰਦਰ ਸਿੰਘ ਹੰਸਪਾਲ ਐਕਸ ਐਮ.ਪੀ. ਹੋਰਾਂ ਭਾਰਤੀ ਜੀ ਬਾਰੇ ਜਾਣਕਾਰੀ ਦਿੰਦਿਆਂ ਭਾਰਤੀ ਜੀ ਦੀ ਸਾਹਿਤ ਘਾਲਣਾ ਦਾ ਉਲੇਖ ਕੀਤਾ। ਸ੍ਰੀ ਜਗਦੀਸ਼ ਸਿੰਘ ਵਰਿਆਮ ਨੇ ਪੁਸਤਕ ਦਾ ਪਰੀਚੈ ਦਿੰਦਿਆਂ ਕਿਹਾ ਕਿ ਇਹ ਪੁਸਤਕ ਭਾਰਤੀ ਜੀ ਦੀ ਕਰੜੀ ਮਿਹਨਤ ਅਤੇ ਸਾਧਨਾ ਦਾ ਸਿੱਟਾ ਹੈ। ਇਸ ਪੁਸਤਕ ਵਿਚ ਦਸ ਵਡਮੁਲੇ ਲੇਖ ਹਨ। ੧. 'ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ, ੨. ਖੰਡਾ ੩. ਅਜਪਾ ਜਪੁ ਜਪੈ ਮੁਖਿ ਨਾਮ ੪. ਜਪੁਜੀ ਦਾ ਸਾਧਨਾ ਖੰਡ ੫. ਦੁਰਗਾ ੬. ਕਾਲੀ ੭. ਮਾਹਾ ਮਾਹਮੁਮਾਰਜੀ ਚੜ੍ਹਿਆ ਸਦਾ ਬਸੰਤ ਅਤੇ ੮. ਦਸ ਕਦਮ। ਇਹਨਾਂ ਸਾਰਿਆਂ ਲੇਖਾਂ ਦਾ ਸੰਖੇਪ ਵਿਚ ਪਰੀਚੈ ਦਿੰਦਿਆਂ ਕਿਹਾ ਕਿ ਆਗਮ ਸਾਹਿਤ ਅਤੇ ਜੋਗੀ ਸਾਹਿਤ ਅਤੇ ਗੁਰਬਾਣੀ (ਆਦਿ ਅਤੇ ਦਸਮ) ਦੇ ਸੰਬੰਧਾਂ ਨੂੰ ਪਰਗਟਾਉਂਦਿਆਂ ਇਹਨਾਂ ਗੱਲਾਂ ਨੂੰ ਭੁਲਦੀ ਜਾ ਰਹੀ ਨਵੀਂ ਪੀੜ੍ਹੀ ਨੂੰ ਵਡਮੁਲੀ ਦਾਤ ਦਿਤੀ ਹੈ। ਭੌਤਿਕ ਸੰਸਾਰ ਅਤੇ ਪਰਾ ਭੌਤਿਕ ਸੰਸਾਰ ਦੀ ਵਿਚਾਰ ਇਸ ਪੁਸਤਕ ਵਿਚ ਹੈ। ਹਰ ਇਕ ਲੇਖ ਆਪਣੇ ਆਪ ਵਿਚ ਇਕ ਪੂਰਾ ਸੰਸਾਰ ਹੈ। ਜਿਥੇ ਕੁਝ ਲੇਖ ਬੌਧਿਕ ਪ੍ਰਕਿਰਤੀ ਵਾਲੇ ਹਨ ਉਥੇ ਕੁਝ ਲੇਖ ਆਮ ਪਾਠਕ ਨੂੰ ਸੌਖਿਆਂ ਈ ਸਮਝ ਆ ਜਾਣ ਵਾਲੇ ਹਨ। ਇਸ ਪੁਸਤਕ ਦੀ ਭੂਮਿਕਾ ਵਿਚ ਪੰਜਾਬੀ ਸਾਹਿਤ ਦੀ ਅਮਰ ਹਸਤੀ ਅੰਮ੍ਰਿਤਾ ਪ੍ਰੀਤਮ ਜੀ ਨੇ ਲਿਖਿਆ ਹੈ ਕਿ ਭਾਰਤੀ ਜੀ ਦਾ ਇਹ ਸੰਗ੍ਰਹਿ ਬੜੇ ਬਾਰੀਕ ਵੇਰਵਿਆਂ ਵਿਚ ਉਤਰਦਾ ਤਲਬ ਵਾਲਿਆਂ ਵਾਸਤੇ ਬੜਾ ਕੀਮਤੀ ਸੰਗ੍ਰਹਿ ਹੈ। ਜਗਦੀਸ਼ ਸਿੰਘ ਹੋਰਾਂ ਦਸਿਆ ਕਿ ਭਾਰਤੀ ਜੀ ਦੇ ਅਜਿਹੇ ਲੇਖ ਜਦੋਂ 'ਵਰਿਆਮ', 'ਆਰਸੀ' ਅਤੇ 'ਨਾਗਮਣੀ' ਰਸਾਲਿਆਂ ਵਿਚ ਛਪੇ ਤਾਂ ਪਾਠਕਾਂ ਵਿਚ ਕਾਫੀ ਉਤਸੁਕਤਾ ਪਾਈ ਗਈ ਅਤੇ ਇਸ ਦੇ ਕਿਤਾਬੀ ਰੂਪ ਦੀ ਮੰਗ ਕੀਤੀ ਗਈ। ਹੁਣ ਇਕ ਲੇਖ ਇਕੋ ਜਿਲਦ ਵਿਚ ਪੁਸਤਕ ਰੂਪ ਵਿਚ 'ਸ਼ਿਲਾਲੇਖ' ਪ੍ਰਕਾਸ਼ਨ ਵਲੋਂ ਪ੍ਰਕਾਸ਼ਤ ਕਰ ਦਿਤੇ ਗਏ ਹਨ। ਉਹਨਾਂ ਭਾਰਤੀ ਜੀ ਨੂੰ ਨਵੀਂ ਪੁਸਤਕ ਦੇ ਛਪਣ ਤੇ ਵਧਾਈ ਦਿਤੀ। ਇਸ ਬਾਦ ਵਿਧੀਵਤ ਰੂਪ ਵਿਚ ਇਹ ਪੁਸਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਟ ਕੀਤੀ ਗਈ। ਸਤਿਗੁਰੂ ਜੀ ਨੇ ਅਪਣੇ ਭਾਸ਼ਨ ਵਿਚ ਕਿਹਾ ਕਿ ਅਮਰ ਭਾਰਤੀ ਜੀ ਲੇਖਕ ਹੀ ਨਹੀਂ ਸਾਧਕ ਵੀ ਹਨ। ਇਸੇ ਕਰਕੇ ਉਹਨਾਂ ਦੇ ਲੇਖਾਂ ਵਿਚ ਬਹੁਤ ਡੂੰਘੀਆਂ ਗੱਲਾਂ ਹੁੰਦੀਆਂ ਹਨ। ਇਹ ਗ੍ਰੰਥ ਦਸਦੇ ਹਨ ਕਿ ਜੀਵਨ ਕਿਵੇਂ ਅਰਥ ਲਗ ਸਕਦਾ ਹੈ। ਭਾਰਤੀ ਜੀ ਦੀ ਪੁਸਤਕ ਪੜ੍ਹ ਕੇ ਫੇਰ ਅਭਿਆਸ ਕੀਤਾ ਜਾਵੇ ਨਾਮ ਦਾ। ਗੁਰਬਾਣੀ ਵਿਚ ਲਿਖਿਆ ਹੈ ਕਿ "ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥" ਨਾਮ ਦਾ ਜਾਪ ਜ਼ਰੂਰ ਹੋਣਾ ਚਾਹੀਦਾ ਹੈ। ਇਹ ਆਦਤ ਹੀ ਬਣ ਜਾਣੀ ਚਾਹੀਦੀ ਹੈ। ਭਾਰਤੀ ਜੀ ਨੇ ਅਜਪਾ ਜਾਪ ਬਾਰੇ ਫੁਰਮਾਇਆ ਹੈ "ਆਤਮ ਉਪਦੇਸ਼ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੇ॥ ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਯਾਪੇ॥".. ਸੋ ਨਾਮ ਦਾ ਅਭਿਆਸ ਜ਼ਰੂਰ ਕਰਿਆ ਕਰੋ।

ਕੁਝ ਪੁਸਤਕਾਂ ਇਸ ਸਮੇਂ ਧਰਮਸਾਲਾ ਦੇ ਪੁਸਤਕ ਕੇਂਦਰ ਵਿਚ ਵੀ ਸਨ। ਪਾਠਕਾਂ ਨੇ ਉਤਸ਼ਾਹ ਪੂਰਬਕ ਇਹ ਪੁਸਤਕਾਂ ਖਰੀਦ ਕੇ ਭਾਰਤੀ ਜੀ ਦੇ ਦਸਖਤ ਕਰਵਾ ਕੇ ਪ੍ਰਾਪਤ ਕੀਤੀਆਂ।

---

## ਦਸਮ ਗ੍ਰੰਥ ਵਿਚ ਕੁੰਡਲਿਨੀ ਤੱਤ

ਲੇਖਕ – ਅਮਰ ਭਾਰਤੀ

ਪ੍ਰਕਾਸ਼ਕ – ਸ਼ਿਲਾਲੇਖ ੪/੩੨ ਸੁਭਾਸ਼ ਗਲੀ
ਵਿਸ਼ਵਾਸ ਨਗਰ, ਦਿੱਲੀ – ੧੧੦੦੩੨
ਫੋਨ : ੨੦ ੪੧੮੬੧

ਟਾਈਪ ਸੈਟਿੰਗ – ਜਨਤਕ ਪ੍ਰੈਸ

ਅਸੀਸ – ਸਤਿਗੁਰੂ ਜਗਜੀਤ ਸਿੰਘ ਜੀ

ਭੂਮਿਕਾ – ਅਮ੍ਰਿਤਾ ਪ੍ਰੀਤਮ, ਟਾਈਟਲ ਇਮਰੋਜ਼

ਮੁੱਲ – ੧੨੦ ਰੁਪਏ



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਆਪ ਜੀ ਦਾ ਵਰਿਆਮ ਲਗਾਤਾਰ ਮਿਲ ਰਿਹਾ ਹੈ। ਸੰਧੂ ਸਾਹਿਬ ਦੀ ਅਮਰੀਕਾ ਯਾਤਰਾ ਬਰਾਬਰ ਪੜ੍ਹੀ ਜਾ ਰਹੇ ਹਾਂ। ਇਵੇਂ ਜਾਪਦਾ ਏ ਜਿਵੇਂ ਅਸੀਂ ਵੀ ਨਾਲ-ਨਾਲ ਸੈਰ ਕਰਦੇ ਪਏ ਆਂ ..ਅਮਰੀਕਾ ਦੀ। ਕਾਸ਼ ! ਇਵੇਂ ਹੋ ਸਕਦਾ, ਪਰ ਸਾਡੀ ਕਿਸਮਤ ਵਿਚ ਸ਼ਾਇਦ ਸਾਰੀ ਦੁਨੀਆ ਦੀ ਯਾਤਰਾ ਸਿਰਫ਼ 'ਵਰਿਆਮ' ਰਾਹੀਂ ਹੀ ਕਰਨੀ ਲਿਖੀ ਏ। ਪਹਿਲਾਂ ਰੂਸ ਯਾਤਰਾ ਤੇ ਹੁਣ ਅਮਰੀਕਾ ਯਾਤਰਾ, ਦੋਵੇਂ ਵਰਿਆਮ ਦੇ ਰਾਹੀਂ ਹੋ ਗਈਆਂ ਖ਼ੈਰ, ਸੰਧੂ ਸਾਹਿਬ ਦੇ ਅਸੀਂ ਬਹੁਤ ਧੰਨਵਾਦੀ ਹੋਵਾਂਗੇ ਜੇ ਪੂਰੀ ਯਾਤਰਾ ਦੀ ਇਕ ਕਿਤਾਬ ਛਾਪ ਕੇ ਵਰਿਆਮ ਦੇ ਪਾਠਕਾਂ ਨੂੰ ਭੇਜਣ ਤਾਂ। ਬਾਕੀ ਸੰਧੂ ਸਾਹਿਬ ਦੀ ਪੂਰੀ ਯਾਤਰਾ ਪੜ੍ਹ ਕੇ ਫਿਰ ਇਕ ਚਿੱਠੀ ਪਾਵਾਂਗੀ। ਉਨ੍ਹਾਂ ਬਹੁਤ ਹੀ ਰੋਚਿਕ ਤਰੀਕੇ ਨਾਲ ਆਪਣੀ ਯਾਤਰਾ ਲਿਖੀ ਏ।

ਮੈਂ ਆਪ ਜੀ ਦੀ ਧੰਨਵਾਦੀ ਹਾਂ, ਜੋ ਸਾਡੇ ਵਰਗਿਆਂ ਦੀਆਂ ਮਾੜੀਆਂ ਚੰਗੀਆਂ ਰਚਨਾਵਾਂ ਨੂੰ ਵੀ ਆਪਣੇ ਵਰਿਆਮ ਵਿਚ ਜਗ੍ਹਾ ਦਿੰਦੇ ਹੋ ਤੇ ਵੱਡੇ ਵੱਡੇ ਗੁਣੀਆਂ ਦੇ ਨਾਲ ਮੇਰੇ ਜਿਹੇ ਪਾਠਕ ਵੀ ਕਦੀ-ਕਦੀ ਇਸ ਸਮੁੰਦਰ ਵਿਚ ਆਪਣਾ ਬੂੰਦ-ਰੂਪੀ ਹਿੱਸਾ ਪਾਕੇ ਤਾਰੀ ਲਾ ਲੈਂਦੇ ਹਨ।

—ਸਿੰਦਰ ਕੌਰ, ਦਿੱਲੀ

—★—

ਜੁਲਾਈ ੧੯੯੯ ਦਾ ਵਰਿਆਮ ਪੜ੍ਹਿਆ ਤੇ ਨਸ਼ਾ ਆ ਗਿਆ। ਵੈਸੇ ਵੀ ਸਾਰੇ ਅੰਕ ਪੜ੍ਹਦਾ ਹਾਂ ਤੇ ਪੜ੍ਹਦਾ-ਪੜ੍ਹਦਾ ਵਿਚ ਗੁਆਚ ਜਾਂਦਾ ਹਾਂ। ਜੁਲਾਈ ਦੇ ਅੰਕ ਵਿਚ 'ਹਿਕਮਤ ਅਤੇ ਹਮਾਕਤ' ਤੋਂ ਲੈ ਕੇ 'ਵਿਦਿਆਰਥੀ ਧਰਮ', 'ਧਰਤੀ ਜੇਡ ਨ ਮਾਤਾ', 'ਪੰਜਾਬ ਸਰਕਾਰ ਦੀ ਭਾਸ਼ਾ ਤੇ ਸਿਖਿਆ ਨੀਤੀ' ਆਦਿ ਲੇਖ ਪੜ੍ਹੇ। ਪੜ੍ਹਦਾ ਗਿਆ ਪੜ੍ਹਦਾ ਗਿਆ, ਓਦੋਂ ਹੀ ਪਤਾ ਲਗਾ ਜਦੋਂ ਪ੍ਰਤੀਕਰਮ ਤਕ ਜਾ ਪੁਜਾ।

ਸ੍ਰੀ ਕਸੇਲ ਜੀ ਦਾ ਲੇਖ ਸਮੇਂ ਦੇ ਮੁਤਾਬਿਕ ਅਤੇ ਵਧੀਆ ਹੈ। ਵਿਦਵਾਨਾਂ ਦੇ ਰੂਪ ਵਿਚ ਦਲੀਲਾਂ ਨਾਲ ਪੰਜਾਬ ਸਰਕਾਰ ਨੂੰ ਜਗਾਣ ਦਾ ਉਪਰਾਲਾ ਹੈ। ਪਤਾ ਨਹੀਂ ਲਗਦਾ ਭਾਰਤੀਆਂ ਨੂੰ ਅੰਗਰੇਜ਼ੀ ਨਾਲ ਇਤਨਾ ਮੋਹ ਕਿਵੇਂ ਪੈ ਗਿਆ ਹੈ। ਭਾਸ਼ਾਵਾਂ ਜਿੰਨੀਆਂ ਵੀ ਜਾਣੀਆਂ ਜਾ ਸਕਣ ਲਾਭਕਾਰੀ ਹੈ, ਪਰ ਅੰਗਰੇਜ਼ੀ ਨੂੰ ਇਸ ਢੰਗ ਨਾਲ ਬੱਚਿਆਂ ਦੇ ਗਲੇ ਮੜ੍ਹਨਾ ਵਡਾ ਪਾਪ ਹੈ ਤੇ ਕੌਮੀ ਨੁਕਸਾਨ ਹੈ। ਕਸੇਲ ਜੀ ਦਾ ਇਕ ਇਕ ਸ਼ਬਦ ਸਰਕਾਰ ਨੂੰ ਚੇਤੰਨ ਕਰਨ ਵਾਲਾ ਹੈ। ਇਹ ਸਿਆਣਪ ਦਾ ਸੋਟਾ ਹੈ, ਜਿਹੜਾ ਦੇਸ਼ ਦੇ ਖਵੱਈਆਂ ਵਾਸਤੇ ਲਾਜ਼ਮੀ ਹੈ।

ਇਸੇ ਵਿਸ਼ੇ ਨਾਲ ਇਖ਼ਲਾਕੀ ਜਾਂ ਧਾਰਮਿਕ ਵਿਦਿਆ ਪ੍ਰਸੇ ਸੂਚਿਤ ਕੀਤਾ ਜਾਂਦਾ ਤਾਂ ਹੋਰ ਵੀ ਸੇਵਾ ਕਰਦਾ। ਵੈਸੇ ਕੇਵਲ ਪੜ੍ਹਾਈ ਵਿਹਲੜਾਂ ਦੀ ਫ਼ੌਜ ਤਿਆਰ ਕਰਨ ਸਮਾਨ ਹੈ, ਜੇ ਸਰਕਾਰ ਵਿਦਿਅਕ ਸਿਲੇਬਸ ਅਨੁਸਾਰ ਵੋਕੇਸ਼ਨਲ ਸਿਖਿਆ ਨੂੰ ਵਧਾ ਲਵੇ ਤਾਂ ਹਕੂਮਤ ਦੀਆਂ ਕਈ ਸਮੱਸਿਆਵਾਂ ਦਾ ਭੋਗ ਪੈ ਸਕਦਾ ਹੈ। ਨੌਜਵਾਨ ਪੜ੍ਹਾਈ ਉਪਰੰਤ ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕਦੇ ਹਨ।

ਸ੍ਰੀ ਕਸੇਲ ਜੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਊਂਘ ਰਹੀ ਸਰਕਾਰ ਨੂੰ ਹੋਸ਼ ਵਿਚ ਲਿਆਉਣ ਲਈ ਹੰਭਲਾ ਮਾਰਿਆ ਹੈ।

—ਨਿਹਾਲ ਸਿੰਘ

੧੯੯, ਰਾਮ ਨਗਰ ਐਕਸਟੈਨਸ਼ਨ, ਦਿੱਲੀ—੫.

—★—

ਇਕ ਗੱਲ ਮੇਰੇ ਗਰਾਂ ਦੇ ਗੁਆਂਢੀ ਵਰਿਆਮ ਸੰਧੂ ਜੀ ਨਾਲ। ਸੰਧੂ ਸਾਹਿਬ ਜਦੋਂ ਮੈਂ ਤੁਹਾਡੀ ਕਹਾਣੀ ਪੜ੍ਹਦਾ ਸਾਂ ਤਾਂ ਮਹਿਸੂਸ ਕਰਦਾ ਸਾਂ ਕਿ ਕਹਾਣੀ ਵਧੀਆ ਹੋਣ ਦੇ ਬਾਵਜੂਦ ਤੁਸੀਂ ਗੱਲ ਨੂੰ ਲੰਮੀ ਬਹੁਤ ਕਰ ਜਾਂਦੇ ਹੋ। ਫਿਰ ਇਕ ਦੋ ਵਾਰ ਸਾਹਿਤਕ ਮਹਿਫ਼ਿਲਾਂ ਵਿਚ ਤੁਹਾਡੇ ਦਰਸ਼ਨ ਕੀਤੇ ਤਾਂ ਸੋਚਿਆ ਕਿ ਏਨੇ ਲੰਮੇ ਆਦਮੀ ਦੀ ਗੱਲ ਵੀ ਤਾਂ ਲੰਮੀ ਹੀ ਹੋਣੀ ਚਾਹੀਦੀ ਹੈ। ਤੁਹਾਡੀ ਸ਼ਖ਼ਸੀਅਤ ਤੁਹਾਡੀ ਲਿਖਤ ਨੂੰ ਜਸਟੀਫਾਈ ਕਰ ਗਈ। ਪਰ ਇਹ ਜੋ ਤੁਸਾਂ ਆਪਣੀ ਵਿਦੇਸ਼-ਯਾਤਰਾ ਛਪਵਾਉਣੀ ਸ਼ੁਰੂ ਕੀਤੀ ਹੈ "ਵਰਿਆਮ" ਵਿਚ, ਇਸ ਦੇ ਪੂਰੇ ਨੌਂ ਨੌਂ ਸਫੇ ਪੜ੍ਹਕੇ ਵੀ ਦਿਲ ਨੂੰ ਇਕ ਝਟਕਾ ਜਿਹਾ ਲੱਗਦਾ ਹੈ ਕਿ ਹੈਂ...ਮੁੱਕ ਵੀ ਗਈ ? ਜਿਵੇਂ ਮੌਸਮ ਦੀ ਭਵਿੱਖ-ਬਾਣੀ ਤੂਫ਼ਾਨ ਆਉਣ ਤੋਂ ਪਹਿਲਾਂ ਹੀ ਸੰਸਾ ਜਿਹਾ ਲਾ ਦਿੰਦੀ ਹੈ, ਇਵੇਂ ਹੀ ਦਿਲ 'ਚ ਇਕ ਡਰ ਜਿਹਾ ਪਲਦਾ ਜਾਂਦਾ ਏ ਕਿ ਅਜੇ ਤਾਂ ਕਿਸ਼ਤਾਂ ਹੀ ਮੁੱਕਦੀਆਂ ਨੇ, ਜਿਸ ਦਿਨ ਲੇਖ ਹੀ ਮੁੱਕ ਗਿਆ ਉਸ ਦਿਨ ਕੀ ਬਣੂੰ ? ਸੰਧੂ ਦੀ ਕਲਮ ਨੂੰ ਸੰਧੂ ਦਾ ਸਲਾਮ !

ਤੁਹਾਡਾ ਦੋਹਾਂ ਵਰਿਆਮਾਂ ਦਾ ਆਪਣਾ,

—ਅਮਰਜੀਤ ਸਿੰਘ ਸੰਧੂ, ਦਕੋਹਾ



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**Dalip Singh Puran Singh Saggu**

[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795, 59056
Mobile Phone 9814060489 Pager 96124089

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ,
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ: 232990

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

Furshi Durries & Carpets

*in Bright & Fast Colours*

*Manufactuers :*

Namdhari Sales

10240/54, Library Road, Azad Market, Delhi-11006

Our Motto : Best Quality of the Day

*High Class Gun Manufacturers*

**Single & Double Barrels**



# 12-Bore GUNS

## Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS


Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

Registered No. PB/JL-253

MONTHLY WARIAM
Ladowali Road, Jalandhar-144 001.
Registered with the Registrar of News papers for India. RNI No. 26453/75

AUGUST 1998

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

Office : 2968411, 2961345 Resi : 6845441

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI-110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543 ਨਿਵਾਸ 56289

Sri Satguru Jagjit Singh Ji eLibrary NamdhariElibrary@gmail.com